EU-India Common Agenda on Migration and Mobility

# ਇਟਲੀ ਵਿੱਚ ਭਾਰਤੀਆਂ

## ਦੇ ਇੰਟੀਗ੍ਰੇਸ਼ਨ ਲਈ ਹੈਂਡਬੁੱਕ


ICM India Centre for Migration

Local Partner

ICMPD International Centre for Migration Policy Development

Implementing Partner

ILO International Labour Organization

Implementing Partner

# ਇਟਲੀ ਵਿੱਚ ਭਾਰਤੀਆਂ ਦੇ ਇੰਟੀਗ੍ਰੇਸ਼ਨ ਲਈ ਹੈਂਡਬੁੱਕ

**ਯੂਰੋਪੀ ਸੰਘ – ਭਾਰਤੀ ਪ੍ਰਵਾਸ ਅਤੇ ਆਵਾਗਮਨ ਬਾਰੇ ਸਹਿਕਾਰਤਾ ਅਤੇ ਸੰਵਾਦ**

ਅੰਤਰਰਾਸ਼ਟਰੀ ਲੇਬਰ ਸੰਸਥਾ ਅਤੇ ਪ੍ਰਵਾਸੀ ਨੀਤੀ ਵਿਕਾਸ ਦੇ ਅੰਤਰਰਾਸ਼ਟਰੀ ਕੇਂਦਰ ਦੁਆਰਾ ਲਾਗੂ

ਕਾਪੀਰਾਈਟ © ਅੰਤਰਰਾਸ਼ਟਰੀ ਲੇਬਰ ਸੰਸਥਾ 2018
ਪਹਿਲਾ ਪ੍ਰਕਾਸ਼ਨ (2018)

ਅੰਤਰਰਾਸ਼ਟਰੀ ਲੇਬਰ ਸੰਸਥਾ (ਆਈ.ਐਲ.ਓ) ਦੀਆਂ ਪ੍ਰਕਾਸ਼ਨਾਵਾਂ, ਯੂਨੀਵਰਸਲ ਕਾਪੀਰਾਈਟ ਕਨਵੈਨਸ਼ਨ ਦੇ ਪ੍ਰੋਟੋਕੋਲ 2 ਦੇ ਤਹਿਤ ਹੀ ਆਉਂਦੀਆਂ ਹਨ| ਲੇਕਿਲੇਕਿਨ, ਸਰੋਤ ਪਹਿਲਾਂ ਤੋਂ ਸੰਕੇਤਕ ਹੋਣ ਦੀ ਸਥਿਤੀ ਵਿੱਚ ਉਨ੍ਹਾਂ ਵਿੱਚੋਂ ਕੁਝ ਅੰਸ਼ਾਂ ਨੂੰ ਪ੍ਰਮਾਣਿਤ ਕੀਤੇ ਬਿਨਾਂ ਦੁਬਾਰਾ ਛਾਪਿਆ ਜਾ ਸਕਦਾ ਹੈ| ਪੁਨਰ-ਸਰਿਜਨਾ ਜਾਂ ਅਨੁਵਾਦ ਦੇ ਅਧਿਕਾਰਾਂ ਲਈ, ਆਈ.ਐਲ.ਓ ਪਬਲੀਕੇਸ਼ਨਜ਼ (ਅਧਿਕਾਰ ਅਤੇ ਲਾਇਸੈਂਸਿੰਗ), ਇੰਟਰਨੈਸ਼ਨਲ ਲੇਬਰ ਆਫ਼ਿਸ, ਸੀ.ਐਚ -1211 ਜਿਨੀਵਾ 22, ਸਵਿਜਰਲੈਂਡ ਨੂੰ ਅਰਜ਼ੀ ਦਿੱਤੀ ਜਾ ਸਕਦੀ ਹੈ ਜਾਂ rights@ lio.org 'ਤੇ ਈਮੇਲਕੀਤੀ ਜਾ ਸਕਦੀ ਹੈ | ਅੰਤਰਰਾਸ਼ਟਰੀ ਲੇਬਰ ਦਫ਼ਤਰ ਇਸ ਪ੍ਰਕਾਰ ਦੀਆਂ ਅਰਜੀਆਂ ਦਾ ਸਵਾਗਤ ਕਰਦਾ ਹੈ|

ਪੁਨਰ-ਸਰਿਜਨਾ ਅਧਿਕਾਰ ਸੰਗਠਨ ਨਾਲ ਰਜਿਸਟਰ ਲਾਇਬਰੇਰੀਆਂ, ਸੰਸਥਾਵਾਂ ਅਤੇ ਹੋਰ ਉਪਯੋਗਕਰਤਾ ਉਦੇਸ਼ ਦੀ ਪੂਰਤੀ ਲਈ ਉਨ੍ਹਾਂ ਨੂੰ ਜਾਰੀ ਕੀਤੇ ਗਏ ਲਾਇਸੈਂਸਾਂ ਅਨੁਸਾਰ ਕਾਪੀਆਂ ਬਣਾ ਸਕਦੇ ਹਨ| ਆਪਣੇ ਦੇਸ਼ ਵਿੱਚ ਪੁਨਰ-ਸਰਿਜਨਾ ਦੇ ਅਧਿਕਾਰਾਂ ਦੇ ਸੰਗਠਨਾਂ  ਬਾਰੇ ਜਾਣਕਾਰੀ www.ifrro.org ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ|

---

ਪ੍ਰਕਾਸ਼ਨ ਡੇਟਾ ਵਿੱਚ ਆਈ.ਐਲ.ਓ ਦੀ ਸੂਚੀਬੱਧਤਾ
ਇਟਲੀ ਵਿੱਚ ਭਾਰਤੀਆਂ ਦੇ ਇੰਟੀਗ੍ਰੇਸ਼ਨ ਲਈ ਹੈਂਡਬੁੱਕ (ਪੰਜਾਬੀ ਐਡੀਸ਼ਨ)
ISBN: 978-92-2-830960-7 (ਪ੍ਰਿੰਟ)
978-92-2-830961-4 (ਵੈਬ ਪੀ.ਡੀ.ਐਫ਼)

---

ਆਈ.ਐਲ.ਓ ਪ੍ਰਕਾਸ਼ਨਾਂ ਵਿੱਚ ਨਯੁਿਕਤ ਕੀਤੇ ਗਏ ਅਹੁਦੇ, ਜੋ ਸੰਯੁਕਤ ਰਾਸ਼ਟਰ ਅਭਿਆਸ ਅਨੁਸਾਰ ਦਿੱਤੇ ਗਏ ਹਨ| ਕਿਸੇ  ਵੀ ਦੇਸ਼ ਦੀ ਕਾਨੂੰਨੀ ਸਥਿਤੀ, ਖੇਤਰ, ਖੇਤਰ ਦੇ ਪ੍ਰਸ਼ਾਸਨ ਜਾਂ ਉਸ ਦੀਆਂ ਸੀਮਾਵਾਂ ਦੀ ਹੱਦਬੰਦੀ ਬਾਰੇ, ਅੰਤਰਰਾਸ਼ਟਰੀ ਲੇਬਰ ਦਫ਼ਤਰ ਦੁਆਰਾ ਜੋ ਕੁਝ ਵੀ ਪੇਸ਼ ਕੀਤਾ ਗਿਆ ਹੈ, ਇਸ ਵਿੱਚ ਪ੍ਰਸਤੁਤ ਸਾਮਗਰੀ ਦੀ ਪੇਸ਼ਕਾਰੀ ਕਿਸੇ  ਵੀ ਰਾਏ ਦੇ ਪ੍ਰਗਟਾਵੇ ਨਾਲ ਸੰਬੰਧਿਤ ਨਹੀਂ ਹੈ|

ਦਸਤਖ਼ਤ, ਅਧਐਿਨ ਅਤੇ ਹੋਰ ਯੋਗਦਾਨਾਂ ਵਿੱਚ ਪ੍ਰਗਟ ਰਾਇ ਸੰਬੰਧੀ ਜ਼ੁੰਮੇਵਾਰੀ ਸਿਰਫ਼ ਲੇਖਕਾਂ ਅਤੇ ਪ੍ਰਕਾਸ਼ਨਾਂ ਦੀ ਹੈ, ਉਨ੍ਹਾਂ ਵਿੱਚ ਪ੍ਰਗਟ ਵਿੱਚਾਰਾਂ ਦਾ ਅੰਤਰਰਾਸ਼ਟਰੀ ਲੇਬਰ ਦਫ਼ਤਰ ਨਾਲ ਕੋਈ ਤਸਦੀਕ ਨਹੀਂ ਬਣਦਾ|

ਫਰਮਾਂ ਦੇ ਨਾਂ ਦੇ ਹਵਾਲੇ, ਵਪਾਰਕ ਉਤਪਾਦ ਅਤੇ ਕਾਰਜਾਂ ਦਾ ਅੰਤਰਰਾਸ਼ਟਰੀ ਲੇਬਰ ਦਫ਼ਤਰ ਦੁਆਰਾ ਕਿਸੇ  ਵੀ ਪ੍ਰਕਾਰ ਨਾਲ ਕੋਈ ਸਮਰਥਨ ਨਹੀਂ ਕੀਤਾ ਜਾਂਦਾ ਅਤੇ ਕਿਸੇ  ਖ਼ਾਸ ਫਰਮ, ਵਪਾਰਕ ਉਤਪਾਦ ਜਾਂ ਪ੍ਰਕਿਰਿਆ ਦਾ ਜ਼ਿਕਰ ਕਰਨ ਵਿੱਚ ਹੋਣ ਵਾਲੀ ਗਲਤੀ/ ਅਸਫ਼ਲਤਾ ਨਾ-ਮਨਜ਼ੂਰੀ ਦੀ ਨਿਸ਼ਾਨੀ ਨਹੀਂ ਹੈ|

ਆਈ.ਐਲ.ਓ. ਦੀਆਂ ਪ੍ਰਕਾਸ਼ਨਾਵਾਂ ਅਤੇ ਡਿਜੀਟਲ ਉਤਪਾਦਾਂ ਬਾਰੇ ਜਾਣਕਾਰੀ: www.ilo.org/publns ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ|

ਭਾਰਤ ਵਿੱਚ ਪ੍ਰਿੰਟਿਡ ਇਸ ਪ੍ਰਕਾਸ਼ਨ ਨੂੰ ਯੂਰਪੀਅਨ ਯੂਨੀਅਨ (ਈ.ਯੂ) ਦੀ ਵਿੱਤੀ ਸਹਾਇਤਾ ਨਾਲ ਤਿਆਰ ਕੀਤਾ ਗਿਆ ਹੈ। ਇਸਦੀ ਸਮੱਗਰੀ ਲੇਖਕ ਦੀ ਪੂਰਨ  ਜਿੰਮੇਦਾਰੀ ਹੈ ਅਤੇ ਇਹ ਜ਼ਰੂਰੀ ਨਹੀਂ ਕਿ ਇਹ ਸਮੱਗਰੀ ਯੂਰਪੀਅਨ ਯੂਨੀਅਨ ਦੇ ਜਾਂ ਭਾਰਤ ਸਰਕਾਰ ਦੇ ਵਿੱਚਾਰਾਂ ਨੂੰ ਪ੍ਰਤਬਿੰਬਿਤ ਕਰੇ।

ਸਾਰੇ ਹੱਕ ਸੁਰੱਖਿਅਤ ਸ਼ਰਤਾਂ ਦੇ ਤਿਹਤ ਯੂਰੋਪੀਅਨ ਯੂਨੀਅਨ ਨੂੰ ਰਾਖਵੇਂ ਹਨ
ਅਨੁਵਾਦ: ਇੰਡੀਅਨ ਸਰਟੀਫ਼ਾਇਡ ਟ੍ਰਾਂਸਲੇਸ਼ਨ (Indian Certified Translation)
ਸੰਪਾਦਨ ਅਤੇ ਪਰੂਫ਼ਰੀਡਿੰਗ: ਡਾ. ਮਨੀਸ਼ਾ ਬੱਤਰਾ

# ਵਿਸ਼ੈ ਵਸਤੁ


ਭੂਮਿਕਾ

1. ਬੁਨਿਆਦੀ ਦਸਤਾਵੇਜ 2
2. ਸਮਾਜਿਕ ਸੁਰੱਖਿਆ 15
3. ਰਿਹਾਇਸ 18
4. ਨੌਂਕਰੀ ਲੱਭਣਾ 20
5. ਸਿਹਤ ਸੇਵਾਵਾਂ 24
6. ਇਟਲੀ ਵਿੱਚ ਸਿੱਖਿਆ, ਸਿਖਲਾਈ ਅਤੇ ਭਾਸ਼ਾਈ ਕੋਰਸ 28
7. ਇਟਲੀ ਵਿੱਚ - ਡ੍ਰਾਈਵਿੰਗ ਅਤੇ ਟਰਾਂਸਪੋਰਟੇਸ਼ਨ 30
8. ਘਰ ਪੈਸੇ ਭੇਜਣਾ 32
9. ਲੋਕਲ ਓਰੀਐਨਟੇਸ਼ਨ ਸਰਵਿਸਿਜ਼ 33
10. ਆਪਾਤਕਾਲੀਨ ਸੰਪਰਕ 34



# ਭੂਮਿਕਾ

**ਇਟਲੀ ਵਿੱਚ ਭਾਰਤੀਆਂ ਦੇ ਇੰਟੀਗ੍ਰੇਸ਼ਨ ਲਈ ਹੈਡਬੁੱਕ** ਉਨ੍ਹਾਂ ਪਰਵਾਸੀਆਂ ਲਈ ਇਕ ਮਾਰਗਦਰਸ਼ਕ ਦਾ ਕਾਰਜ ਕਰਦੀ ਹੈ, ਜੋ ਮੁੱਖ ਤੌਰ 'ਤੇ ਐਗਰੋ-ਇੰਡਸਟ੍ਰੀਜ ਖੇਤਰ ਵਿੱਚ ਕੰਮ ਕਰਦੇ ਹਨ। ਦਸੰਬਰ, 2017 ਅਨੁਸਾਰ ਇਟਲੀ ਵਿੱਚ ਰਹਣਿ ਵਾਲੇ 151,791 ਭਾਰਤੀ ਪਰਵਾਸੀਆਂ ਵਿੱਚੋਂ ਇਹ ਲੋਕ ਬਹੁ ਗਿਣਤੀ ਵਿੱਚ ਹਨ। ਇਹ ਹੈਂਡਬੁੱਕ ਇਟਲੀ ਵਿੱਚ ਰਹਿਣ ਅਤੇ ਕੰਮ ਕਰਨ ਵਾਲੇ ਵਿਦਿਆਰਥੀਆਂ ਅਤੇ ਹੋਰ ਭਾਰਤੀਆਂ ਲਈ ਲਾਹੇਵੰਦ ਸਿੱਧ ਹੋ ਸਕਦੀ ਹੈ।

ਇਹ ਹੈਂਡਬੁੱਕ ਲੋਕਾਂ ਨੂੰ ਇਟਲੀ ਵਿੱਚ ਸਫ਼ਲਤਾ ਪੂਰਵਕ ਇੱਕਠੇ ਕਰਨ ਲਈ ਬੁਨਿਆਦੀ ਜਾਣਕਾਰੀ ਪ੍ਰਦਾਨ ਕਰਦੀ ਹੈ। ਇਸ ਅੰਦਰ ਇਟਲੀ ਵਿੱਚ ਰਹਣਿ ਲਈ ਲੋੜੀਂਦੇ ਦਸਤਾਵੇਜ਼ਾਂ ਅਤੇ ਸ਼ੁਰੂਆਤੀ ਸਥਿਤੀਆਂ ਜਿਵੇਂ ਕਿ; ਸਿਹਤ, ਸਿੱਖਿਆ, ਹਾਉਸਿੰਗ, ਰਿਹਾਇਸ਼, ਪਰਿਵਾਰਕ ਲੋੜਾਂ ਅਤੇ ਆਮਦਨੀ ਆਦਿ ਨੂੰ ਤਰਜੀਹ ਦੇਣ ਵਾਲੀਆਂ ਬੁਨਿਆਦੀ ਸੇਵਾਵਾਂ ਤੱਕ ਕਿਵੇਂ ਪਹੁੰਚਿਆ ਜਾ ਸਕਦਾ ਹੈ ਬਾਰੇ ਕਦਮ-ਦਰ-ਕਦਮ ਨਿਰਦੇਸ਼ਾਂ ਦੁਆਰਾ ਜਾਣਕਾਰੀ ਪ੍ਰਦਾਨ ਕੀਤੀ ਗਈ ਹੈ। ਇਸ ਦੇ ਨਾਲ ਹੀ ਇਸ ਹੈਂਡਬੁੱਕ ਵਿੱਚ ਪੈਨਸ਼ਨਾਂ ਅਤੇ ਅਨਿਯਮਿਤੱਤਾ ਵਰਗੇ ਹੋਰ ਗੁੰਝਲਦਾਰ ਸਵਾਲਾਂ ਤੱਕ ਪਹੁੰਚ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ।

ਇਹ ਹੈਂਡਬੁੱਕ ਯੂਰੋਪੀਅਨ ਯੂਨੀਅਨ (ਈ.ਯੂ ) ਦੁਆਰਾ ਆਈ.ਐਲ.ਓ ਨੂੰ ਵਿੱਤੀ ਮਦਦ ਪ੍ਰਦਾਨ ਕੀਤੇ ਗਏ ਪ੍ਰੋਜੈਕਟ, ਯੂਰੋਪੀ ਸੰਘ - ਭਾਰਤੀ ਪਰਵਾਸ ਅਤੇ ਆਵਾਗਮਨ ਸਹਿਯੋਗ ਅਤੇ ਸੰਵਾਦ, ਦੁਆਰਾ ਪ੍ਰਕਾਸ਼ਿਤ ਕੀਤੀ ਗਈ ਹੈ। ਆਈ.ਸੀ.ਐਮ.ਪੀ.ਡੀ (ICMPD) ਇਸ ਪ੍ਰੋਜੈਕਟ ਦਾ ਸਹਿ-ਡੈਲੀਗੇਟ ਪਾਰਟਨਰ ਹੈ ।

ਇੰਡਿਆ ਸੈਂਟਰ ਆਫ ਮਾਈਗਰੇਸ਼ਨ ਭਾਰਤ ਸਰਕਾਰ ਦਾ ਸਥਾਨਕ ਪਾਰਟਨਰ ਹੈ | ਆਈ.ਐਲ.ਓ ਅਤੇ ਆਈ.ਸੀ.ਐਮ.ਪੀ.ਡੀ ਨੂੰ ਯੂਰੋਪੀਅਨ ਯੂਨੀਅਨ ਦਵਾਰਾ ਫੰਡ ਮਿਲਦਾ ਹੈ|

ਇਹ ਕਿਤਾਬ ਆਈ.ਐਲ.ਓ ਲਈ ਮਾਨਫਰੇਡ ਬਰਜਮੈਨ ਦੁਆਰਾ ਤਿਆਰ ਕੀਤੀ ਗਈ ਹੈ |

ਆਈ.ਐਲ.ਓ ਭਾਰਤ ਵਿੱਚ ਇਟਲੀ ਦੇ ਦੂਤਾਵਾਸ ਅਤੇ ਕੌਂਸਲ ਜਨਰਲ ਆਫ ਇੰਡੀਆ - ਮਿਲਾਨ ਦਾ ਉਨਹ੍ਾਂ ਦੀ ਸਹਾਇਤਾ ਲਈ ਧਨਵਾਦੀ ਹੈ |

ਇਹ ਹੈਂਡਬੁੱਕ ਅੰਗਰੇਜ਼ੀ ਅਤੇ ਹਿੰਦੀ ਭਾਸ਼ਾਵਾਂ ਵਿੱਚ ਵੀ ਉਪਲਬਧ ਹੈ।

# 1. ਬੁਨਿਆਦੀ ਦਸਤਾਵੇਜ (Documenti Di Base)

**ਇਟਲੀ ਵਿੱਚ** ਹਰ ਰੋਜ਼ ਆਪਣੇ ਬੁਨਿਆਦੀ ਦਸਤਾਵੇਜ਼ਾਂ ਨੂੰ ਆਪਣੀ ਜੇਬ ਵਿੱਚ ਰਖਣਾ ਲਾਜ਼ਮੀ ਹੁੰਦਾ ਹੈ:

**A)** ਰਿਹਾਇਸ਼ੀ ਪਰਮਿਟ (**Permesso di Soggiorno**), ਜਾਂ ਵਿਕਲਪ ਦੇ ਤੌਰ ਤੇ ਯੂਰੋਪੀਅਨ ਯੂਨੀਅਨ ਵਿੱਚ ਲੰਮੀ-ਅਵਧੀ ਦਾ ਰਿਹਾਇਸ਼ੀ ਪਰਮਿਟ **(Permesso di Soggiorno UE per Soggiornanti di Lungo Periodo (ex Carta di Soggiorno)**

**B)** ਪਛਾਣ ਪੱਤਰ **(Carta di Identità)**

**C)** ਤੁਹਾਡੇ ਸੋਸ਼ਲ ਸਿਕਿਉਰਿਟੀ ਨੰਬਰ ਵਾਲਾ ਸਿਹਤ ਬੀਮਾ ਕਾਰਡ, ਜਿਸ ਨੂੰ ਫਿਸਕਲ ਕੋਡ **(Tessera Sanitaria e Codice Fiscale)** ਵੀ ਕਿਹਾ ਜਾਂਦਾ ਹੈ

**!**

ਇਨ੍ਹਾਂ ਦਸਤਾਵੇਜ਼ਾਂ ਦੀਆਂ ਕਾਪੀਆਂ ਨੂੰ ਘਰ ਵਿੱਚ ਸੁਰੱਖਿਅਤ ਥਾਂ 'ਤੇ ਹੀ ਰੱਖਣਾ ਚਾਹੀਦਾ ਹੈ|

ਇਹ ਗੱਲ ਵਿਸ਼ੇਸ਼ ਧਿਆਨ ਦੀ ਮੰਗ ਕਰਦੀ ਹੈ ਕਿ ਬਿਨਾਂ ਤੁਹਾਡੀ ਸਹਿਮਤੀ ਦੇ ਕੋਈ ਵੀ ਤੁਹਾਡੇ ਦਸਤਾਵੇਜ਼ਾਂ ਨੂੰ ਨਹੀ ਰੱਖ ਸਕਦਾ। ਇਹ ਤੁਹਾਡੇ ਨਿੱਜੀ ਦਸਤਾਵੇਜ਼ ਹਨ, ਇਸ ਤੁਹਾਨੂੰ ਇਨ੍ਹਾਂ ਦਸਤਾਵੇਜ਼ਾਂ ਨੂੰ ਹਮੇਸ਼ਾਂ ਆਪਣੀ ਜੇਬ ਵਿੱਚ ਹੀ ਰੱਖਣਾ ਚਾਹੀਦਾ ਹੈ। ਕਿਸੇ ਰੁਜ਼ਗਾਰਦਾਤਾ/ਮਾਲਕ ਜਾਂ ਕਿਸੇ ਹੋਰ ਵਿਅਕਤੀ ਨੂੰ ਆਪਣੇ ਜਰੂਰੀ ਦਸਤਾਵੇਜ਼ਾਂ ਦੀ ਜ਼ਿੰਮੇਵਾਰੀ ਨਹੀਂ ਦੇਣੀ ਚਾਹੀਦੀ ਹੈ।

ਜੇਕਰ ਰੁਜ਼ਗਾਰਦਾਤਾ ਜਬਰਨ ਤੁਹਾਡੇ ਦਸਤਾਵੇਜ਼ਾਂ ਨੂੰ ਆਪਣੇ ਕੋਲ ਰੱਖ ਰਿਹਾ ਹੈ ਤਾਂ ਤੁਸੀ ਵਕੀਲਾਂ ਤੋਂ ਇਸ ਮਸਲੇ ਵਿੱਚ ਮਦਦ ਪ੍ਰਾਪਤ ਕਰ ਸਕਦੇ ਹੋ। ਤੁਸੀ ਕਿਸੇ ਵੀ ਸਥਾਨਕ ਓਰੀਐਂਟੇਸ਼ਨ ਸਰਵਿਸਿਜ਼ 'ਤੇ ਮੁਫ਼ਤ ਵਿੱਚ ਵਕੀਲਾਂ ਨੂੰ ਆਸਾਨੀ ਨਾਲ ਲੱਭ ਸਕਦੇ ਹੋ। ਹੋਰ ਜਾਣਕਾਰੀ ਲਈ ਇਸ ਬੁਕਲੇਟ ਦੇ ਅਧਿਆਇ 9 ਨੂੰ ਵੇਖੋ।

## 1.1 ਜੇ ਤੁਸੀ ਇਟਲੀ ਵਿੱਚ ਕੱਮ ਕਰਣ ਆ ਰਹੇ ਹੋ

ਜੇਕਰ ਤੁਸੀ ਇਟਲੀ ਵਿੱਚ ਸਿਰਫ਼ ਨਿਯਮਿਤ ਤੌਰ 'ਤੇ ਆਉਂਦੇ ਹੋ ਤਾਂ ਤੁਹਾਡੇ ਕੋਲ ਇਹ ਦਸਤਾਵੇਜ਼ ਹੋਣੇ ਚਾਹੀਦੇ ਹਨ

1. ਤੁਹਾਡੇ ਪਾਸਪੋਰਟ **(Passaporto)** ਨਾਲ ਜੁੜਿਆ ਸਹੀ ਐਂਟਰੀ ਵੀਜ਼ਾ **(VISTO di INGRESSO)**
2. ਤੁਹਾਡੇ ਰੁਜ਼ਗਾਰਦਾਤਾ ਵੱਲੋਂ ਵਿਅਕਤੀਗਤ ਬੁਲਾਵਾ **(Chiamata Nominativa)**

   ਇਸ ਤੋਂ ਭਾਵ ਹੈ ਕਿ ਤੁਸੀ ਇਟਲੀ ਵਿੱਚ ਬਤੌਰ ਰੁਜ਼ਗਾਰ ਦੇ ਵਾਅਦੇ ਦੇ ਰੂਪ ਵਿੱਚ ਇਸ ਨੂੰ ਪਹਿਲਾਂ ਹੀ ਆਪਣੇ ਮੂਲ ਦੇਸ਼ ਵਿੱਚ ਪ੍ਰਾਪਤ ਕੀਤਾ ਹੈ, ਕਿਉਂਕਿ ਤੁਸੀ ਪ੍ਰਵਾਸੀ ਕਾਮਿਆਂ ਦੇ ਕੋਟੇ ਦੀ ਸਾਲਾਨਾ ਯੋਜਨਾ **(Decreto Flussi)** ਅਨੁਸਾਰ ਹੀ ਇਟਲੀ ਵਿੱਚ ਆ ਰਹੇ ਹੋ।
3. ਤੁਹਾਡੇ ਪਹੁੰਚਣ ਦੇ 8 ਕਾਰੋਬਾਰੀ ਦਿਨਾਂ ਦੇ ਅੰਦਰ ਹੀ ਕੰਮ ਵਾਸਤੇ ਠਹਿਰਨ ਲਈ ਪਰਮਿਟ ਬਾਰੇ ਅਰਜ਼ੀ ਦੇਣਾ ਜਰੂਰੀ ਹੁੰਦਾ ਹੈ।

ਜੇ ਤੁਸੀ ਇਟਲੀ ਵਿੱਚ ਮੌਸਮੀ (ਸੀਜ਼ਨਲ) ਵਰਕਰ ਦੇ ਤੌਰ'ਤੇ ਕੰਮ ਕਰਨ ਆਏ ਹੋ ਅਤੇ ਵੀਜ਼ਾ ਖ਼ਤਮ ਹੋ ਜਾਣ ਦੀ ਸਥਿਤੀ ਵਿੱਚ ਭਾਰਤ ਵਾਪਸ ਮੁੜ ਜਾਂਦੇ ਹੋ ਤਾਂ ਤੁਸੀ ਤੁਹਾਡੇ ਕੋਲ ਮੌਸਮੀ ਕੰਮ ਕਰਨ ਵਾਸਤੇ ਇਟਲੀ ਵਾਪਸ ਆਉਣ ਦਾ ਪੂਰਣ ਅਧਿਕਾਰ ਹੈ।

ਤੁਸੀ ਸਵੈ-ਰੁਜ਼ਗਾਰ ਲਈ ਵੀ ਇਟਲੀ ਵਿੱਚ ਵੀ ਦਾਖ਼ਲ ਹੋ ਸਕਦੇ ਹੋ। ਪਰ ਤੁਹਾਨੂੰ ਇਹ ਸਾਬਤ ਕਰਨਾ ਹੋਵੇਗਾ ਕਿ ਤੁਹਾਡੇ ਕੋਲ ਢੁਕਵੇਂ ਆਰਥਕ ਸਾਧਨ ਹਨ ਅਤੇ ਇਹ ਕੰਮ ਕਾਨੂੰਨ ਦੁਆਰਾ ਇਤਾਲਵੀ ਜਾਂ ਯੂਰਪੀਨ ਯੂਨੀਅਨ ਦੇ ਨਾਗਰਿਕਾਂ ਲਈ ਰਿਜ਼ਰਵ ਨਹੀਂ ਹੈ।

## 1.2 ਜੇਕਰ ਤੁਸੀ ਇਟਲੀ ਵਿੱਚ ਪੜ੍ਹਾਈ ਕਰਨ ਆ ਰਹੇ ਹੋ

ਪੜ੍ਹਾਈ ਵੀਜ਼ਾ ਪ੍ਰਾਪਤ ਕਰਨ ਲਈ ਤੁਹਾਡੇ ਕੋਲ ਹੇਠ ਲਿਖੇ ਦਸਤਾਵੇਜ਼ ਹੋਣੇ ਚਾਹੀਦੇ ਹਨ:

1. ਕੋਰਸ/ਡਿਗਰੀ ਜਾਂ ਖੋਜ ਕਾਰਜ ਨਾਲ ਸੰਬੰਧੀ ਸਬੂਤ
2. ਨਿਰਭਰਤਾ ਲਈ ਨਿੱਜੀ ਆਰਥਿਕ ਗਾਰੰਟੀ ਦੇ ਤੌਰ 'ਤੇ 5750 ਯੂਰੋ/ਸਾਲ (2018) (ਬੈਂਕ ਗਾਰੰਟੀ ਸਵੀਕਾਰ ਨਹੀਂ ਕੀਤੀ ਜਾਂਦੀ)
3. ਡਾਕਟਰੀ ਦੇਖਭਾਲ ਅਤੇ ਹਸਪਤਾਲ ਵਿੱਚ ਭਰਤੀ ਲਈ ਬੀਮਾ ਕਵਰੇਜ
4. ਰਿਹਾਇਸ਼ - ਹੋਟਲ ਜਾਂ ਇਟਾਲੀਅਨ ਨਾਗਰਿਕ ਜਾਂ ਨਿਯਮਤ ਨਿਵਾਸੀ ਦੀ ਭਰੋਸੇ-ਯੋਗਤਾ
5. ਆਪਣੇ ਪਹੁੰਚਣ ਦੇ 8 ਕੰਮਕਾਜੀ ਦਿਨਾਂ ਦੇ ਅੰਦਰ ਰਹਿਣ ਦੇ ਪਰਮਿਟ ਲਈ ਅਰਜ਼ੀ ਦੇਣ ਦੀ ਲੋੜ ਹੁੰਦੀ ਹੈ

ਜੇਕਰ ਤੁਸੀਂ ਪਰਿਵਾਰਕ ਜੀਅ ਦੇ ਤੌਰ 'ਤੇ ਇਟਲੀ ਆ ਰਹੇ ਹੋ ਤਾਂ, ਕਿਰਪਾ ਕਰਕੇ ਭਾਗ 1.10 ਦੇਖੋ

ਜੇ ਤੁਸੀ ਇਟਲੀ ਵਿੱਚ ਕੰਮ ਕਰਨਾ ਚਾਹੁੰਦੇ ਹੋ, ਤਾਂ ਤੁਹਾਡੇ ਕੋਲ ਰਹਿਣ ਲਈ ਇਕ ਪ੍ਰਮਾਣਕ ਰਿਹਾਇਸ਼ੀ ਪਰਮਿਟ **(Permesso di Soggiorno)** ਹੋਣਾ ਚਾਹੀਦਾ ਹੈ; ਕੰਮ ਪ੍ਰਾਪਤ ਕਰਨ ਲਈ ਤੁਹਾਡਾ ਐਂਟਰੀ ਵੀਜਾ ਕਾਫ਼ੀ ਨਹੀ ਹੁੰਦਾ।

| ਐਂਟਰੀ ਵੀਜ਼ਾ ਵਿਦੇਸ਼ ਵਿੱਚ ਇਤਾਲਵੀ ਦੂਤਾਵਾਸਾਂ 'ਤੇ | → | ਰਿਹਾਇਸ਼ ਦਾ ਪਹਿਲਾ ਪਰਮਿੱਟ ਅਤੇ ਇੰਟੇਗ੍ਰੇਸ਼ਨ ਐਗ੍ਰੀਮੈਂਟ Prefettura-UTG ਤੇ | → | ਰਿਹਾਇਸੀ ਪਰਮਿਟ ਦਾ ਨਵੀਕਰਨ ਪੋਸਟ ਆਫਿਸ ਵਿਖੇ | → | ਈਯੂ-ਲੰਬੇ ਰਿਹਾਇਸੀ ਪਰਮਿਟ ਪੋਸਟ ਆਫਿਸ ਵਿਖੇ |
|---|---|---|---|---|---|---|

ਤੁਹਾਡਾ ਰੁਜ਼ਗਾਰਦਾਤਾ ਤੁਹਾਨੂੰ ਸਭ ਤੋਂ ਨਜ਼ਦੀਕੀ Prefettura UTG (ਪ੍ਰੀਫੈਕਚਰ) ਵਿੱਚ ਲਿਜਾ ਸਕਦਾ ਹੈ। ਇੱਥੇ, ਤੁਸੀਂ ਇਮੀਗ੍ਰੇਸ਼ਨ ਲਈ ਬਣੇ ਯੂਨੀਫ਼ਾਈਡ ਡੈਸਕ (Sportello Unico per l'Immigrazione)' ਤੇ ਰਿਹਾਇਸੀ ਪਰਮਿਟ (Permesso di Soggiorno) ਲਈ ਦਰਖਾਸਤ ਕਰ ਸਕਦੇ ਹੋ। ਬਾਕੀ ਪ੍ਰਕਿਰਿਆ ਸਥਾਨਕ ਡਾਕਖਾਨੇ ਵਿੱਚ ਆਨਲਾਈਨ ਰਾਹੀਂ ਕੀਤੀ ਜਾ ਸਕਦੀ ਹੈ।

## 1.3 ਇੰਨਟੇਗ੍ਰੇਸ਼ਨ ਐਗਰੀਮੈਂਟ (Accordo Di Integrazione)

ਇਟਲੀ ਵਿੱਚ ਪਹਿਲੀ ਐਂਟਰੀ ਸਮੇਂ ਤੁਹਾਨੂੰ Prefettura-UTG ਵਿੱਚ ਇੰਨਟੇਗ੍ਰੇਸ਼ਨ ਐਗਰੀਮੈਂਟ (Accordo Di Integrazione) 'ਤੇ ਦਸਤਖ਼ਤ ਕਰਨ ਲਈ ਵੀ ਕਿਹਾ ਜਾ ਸਕਦਾ ਹੈ।

ਤੁਹਾਡੇ ਰਿਹਾਇਸੀ ਪਰਮਿਟ **(Permesso di Soggiorno)** ਨੂੰ ਰੱਖਣ ਲਈ ਤੁਹਾਨੂੰ 2 ਸਾਲ ਦੇ ਅੰਦਰ ਘੱਟੋ-ਘੱਟ 30 ਕ੍ਰੈਡਿਟ ਪ੍ਰਾਪਤ ਕਰਨੇ ਜ਼ਰੂਰੀ ਹੁੰਦੇ ਹਨ।

ਪਰਿਵਾਰਿਕ ਇਕੱਠਤਾ, ਇਤਾਲਵੀ ਨਾਗਰਿਕਤਾ ਅਤੇ ਹੋਰ ਹੱਕਾਂ ਲਈ ਨਵੇਂ ਪਰਮਿਟ ਨੂੰ ਪ੍ਰਾਪਤ ਕਰਨ ਲਈ ਕ੍ਰੈਡਿਟ ਜ਼ਰੂਰੀ ਹੁੰਦੇ ਹਨ। ਇਹ ਕ੍ਰੈਡਿਟ ਇਹ ਵੀ ਪ੍ਰਮਾਣਿਤ ਕਰਦੇ ਹਨ ਕਿ ਤੁਸੀਂ ਇਨ੍ਹਾਂ ਜ਼ਰੂਰਤਾਂ ਨੂੰ ਪੂਰਾ ਕਰਦੇ ਹੋ।

ਜਦੋਂ ਤੁਸੀਂ ਇੱਕ ਇੰਟੀਗ੍ਰੇਸ਼ਨ ਸਮਝੌਤੇ **(Accordo Di Integrazione)** ਤੇ ਦਸਤਖ਼ਤ ਕਰਦੇ ਹੋ ਤਾਂ ਤੁਹਾਨੂੰ 16 ਸ਼ੁਰੂਆਤੀ ਕ੍ਰੈਡਿਟ ਮਿਲਦੇ ਹਨ, ਇਸ ਤੋਂ ਇਲਾਵਾ ਤੁਸੀਂ ਭਾਸ਼ਾ ਦੀਆਂ ਮੁਫ਼ਤ ਕਲਾਸਾਂ, ਸਭਿਆਚਾਰਕ ਕੋਰਸ, ਪਬਲਿਕ ਸਕੂਲਾਂ ਅਤੇ ਵਿਭਿੰਨ ਪ੍ਰਣਾਲੀਆਂ ਰਾਹੀਂ ਵੀ ਕ੍ਰੈਡਿਟ ਪ੍ਰਾਪਤ ਕਰ ਸਕਦੇ ਹੋ। ਉਦਾਹਰਣ ਦੇ ਤੌਰ 'ਤੇ ਇਕ ਜਨਰਲ ਪ੍ਰੈਕਟੀਸ਼ਨਰ ਦੀ ਚੋਣ ਕਰਨ ਨਾਲ ਤੁਹਾਨੂੰ 4 ਕ੍ਰੈਡਿਟ ਪ੍ਰਪਾਤ ਹੁੰਦੇ ਹਨ।

ਰਿਹਾਇਸੀ ਪਰਮਿਟ ਦੀ ਮਿਆਦ ਕਿਸੇ ਵੀ ਸਥਿਤੀ ਵਿੱਚ ਵੱਧ ਨਹੀਂ ਹੋ ਸਕਦੀ:

1. ਵਪਾਰ ਅਤੇ ਸੈਰ-ਸਪਾਟੇ ਲਈ ਤਿੰਨ ਮਹੀਨੇ;
2. ਅਧਿਐਨ ਜਾਂ ਨੌਕਰੀ ਦੀ ਸਿਖਲਾਈ ਦੇ ਕੋਰਸ ਲਈ ਇੱਕ ਸਾਲ। ਇੱਕ ਸਾਲਤੋਂ ਵੱਧ ਦੇ ਕੋਰਸ ਲਈ ਵਿਦਿਆਰਥੀਆਂ ਦੇ ਪਰਮਿਟ ਨੂੰ ਸਾਲਾਨਾ ਰੀਨਿਊ ਕੀਤਾ ਜਾ ਸਕਦਾ ਹੈ;
3. ਸੁਤੰਤਰ ਕੰਮ, ਆਸ਼ਿਤ/ਮਾਤਹਤ ਸਥਾਈ ਕੰਮ ਲਈ ਜਾਂ ਪਰਿਵਾਰਕ ਇਕੱਠ ਲਈ ਦੋ ਸਾਲ;



ਫੋਟੋ: ਰਿਹਾਇਸੀ ਪਰਮਿਟ (Permesso di Soggiorno)

## 1.4 ਰਿਹਾਇਸ਼ੀ ਪਰਮਿਟ ਦਾ ਨਵੀਨੀਕਰਨ (Renewal of Permesso di Soggiorno)


ਵਿਦੇਸ਼ੀ ਨਾਗਰਿਕਾਂ ਨੂੰ **ਆਪਣੇ ਰਿਹਾਇਸ਼ੀ ਪਰਮਿਟ ਦੇ ਨਵੀਨੀਕਰਨ ਲਈ ਆਪਣੇ ਨਿਵਾਸ ਸਥਾਨ ਦੇ ਸੂਬੇ ਦੇ ਪੁਲਸ ਵਿਭਾਗ (Questura)** ਕੋਲ ਹੇਠਾਂ ਦਿੱਤੀਆਂ ਗਈਆਂ ਮਿਤੀਆਂ ਦੇ ਅੰਦਰ ਅਰਜ਼ੀ ਦੇਣੀ ਜਰੂਰੀ ਹੁੰਦੀ ਹੈ:

- ਕੰਮ ਅਤੇ ਪਰਿਵਾਰਕ ਕਾਰਣਾਂ ਕਰਕੇ ਦੋ ਸਾਲ ਦੇ ਰਿਹਾਇਸ਼ੀ ਪਰਮਿਟ ਦੀ **ਮਿਆਦ** ਖ਼ਤਮ ਹੋਣ ਦੇ 90 ਦਿਨਾਂ ਤੋਂ ਪਹਿਲਾਂ,
- ਇਕ ਸਾਲ ਦੇ ਵਰਕ ਪਰਮਿਟ ਦੀ ਮਿਆਦ ਤੋਂ 60 ਦਿਨ ਪਹਿਲਾਂ,
- ਬਾਕੀ ਸਾਰੇ ਵਰਗਾਂ ਦੇ ਰਿਹਾਇਸ਼ੀ ਪਰਮਿਟ ਦੀ ਮਿਆਦ ਤੋਂ 30 ਦਿਨਾ ਪਹਿਲਾਂ।

ਜੇ ਤੁਹਾਡੇ ਦਸਤਾਵੇਜ਼ ਨੂੰ ਖ਼ਤਮ ਹੋਏ 60 ਦਿਨਾਂ ਤੋਂ ਵੱਧ ਸਮਾਂ ਹੋ ਚੁੱਕਿਆ ਹੈ ਅਤੇ ਤੁਸੀਂ ਨਵੀਨੀਕਰਨ ਲਈ ਅਰਜ਼ੀ ਨਹੀਂ ਦਿੱਤੀ ਹੈ ਤਾਂ ਤੁਹਾਨੂੰ ਇਟਲੀ ਵਿੱਚ ਗੈਰ-ਕਾਨੂੰਨੀ ਮੰਨਿਆ ਜਾਂਦਾ ਹੈ। ਅਜਿਹੀ ਸਥਿਤੀ ਵਿੱਚ ਮਾਈਗਰੇਸ਼ਨ ਕਾਨੂੰਨਾਂ ਤੇ ਅਨੁਭਵੀ ਵਕੀਲ, ਜੋ ਤੁਹਾਡੇ ਰਿਹਾਇਸ਼ੀ ਪਰਮਿਟ ਦੇ ਨਵੀਨੀਕਰਨ ਦੀ ਅਸਫ਼ਲਤਾ ਦੇ ਕਾਰਣਾਂ ਬਾਰੇ ਦਸਤਾਵੇਜ਼ ਤਿਆਰ ਕਰ ਸਕਦਾ ਹੈ ਦੀ ਮਦਦ ਨਾਲ ਪੁਲਿਸ **(Questura)** ਦੇ ਮੁੱਖ ਦਫ਼ਤਰ ਵਿੱਚ ਜਾਣਾ ਚਾਹੀਦਾ ਹੈ। ਇਸ ਦੇ ਨਾਲ ਇਹ ਵੀ ਪਤਾ ਕਰਨਾ ਚਾਹੀਦਾ ਹੈ ਕਿ Permesso di Soggiorno ਨੂੰ ਕਿਸ ਤਰੀਕੇ ਨਾਲ ਰੀਨਿਊ ਕਰਨਾ ਸੰਭਵ ਹੋ ਸਕਦਾ ਹੈ।

## 1.5 ਪੋਸਟ ਆਫ਼ਿਸ ਵਿੱਚ ਰਿਹਾਇਸ਼ੀ ਪਰਮਿਟ ਦਾ ਨਵੀਨੀਕਰਨ

(Renewing the Permesso di Soggiorno at the post office)



ਰਿਹਾਇਸ਼ੀ ਪਰਮਿਟ (Permesso di Soggiorno) ਦੇ ਨਵੀਨੀਕਰਣ ਲਈ ਪੋਸਟ ਅਫ਼ਿਸਾਂ ਵਿਖੇ ਕਿੱਟ ਉਪਲੱਬਧ ਹੈ। ਇਸ ਕਿੱਟ ਦੀ ਕੀਮਤ €30, ਨਾਲ ਹੀ €16 ਦੀਆਂ ਟਕਿਟਾਂ **(Marca da Bollo)** ਅਤੇ €34-60 ਪ੍ਰਿੰਟਿੰਗ ਖ਼ਰਚਾ ਹੋ ਸਕਦਾ ਹੈ। ਤੁਸੀਂ ਆਪਣੇ ਕਾਗਜ਼ ਭੇਜਣ ਦੀ ਪ੍ਰਕਿਰਿਆ ਡਾਕਖਾਨੇ ਦੁਆਰਾ ਖ਼ੁਦ ਪੂਰੀ ਕਰ ਸਕਦੇ ਹੋ, ਲੇਕਿਨ ਰਿਹਾਇਸ਼ੀ ਪਰਮਿਟ ਦੇ ਨਵੀਨੀਕਰਣ ਲਈ ਅਰਜ਼ੀਆਂ ਵਾਸਤੇ ਇੱਕ **ਸਥਾਨਕ ਓਰੀਐਂਨਟੇਸ਼ਨ ਸਰਵਿਸ** ਦੀ ਸਹਾਇਤਾ ਪ੍ਰਾਪਤ ਕਰਨਾ ਬਿਹਤਰ ਹੁੰਦਾ ਹੈ।

ਤੁਹਾਡੀ ਪਹਿਲੀ ਫੇਰੀ ਦੇ ਦੌਰਾਨ, ਤੁਹਾਡੇ ਕੋਲ ਸਫੈਦ ਪਿੱਠਭੂਮੀ (ਬੈਕਗਰਾਉਂਡ) ਵਾਲੀ ਚਾਰ ਪਾਸਪੋਰਟ-ਆਕਾਰ ਦੀਆਂ ਤਸਵੀਰਾਂ (ਫ਼ੋਟੋ) ਹੋਣੀਆਂ ਚਾਹੀਦੀਆਂ ਹਨ, ਜਿਸ ਵਿੱਚੋਂ ਇੱਕ ਨੂੰ ਤੁਹਾਡੇ ਪਰਮਿਟ ਨਾਲ ਜੋੜਿਆ ਜਾਵੇਗਾ। ਇਸ ਪੂਰੀ ਪ੍ਰਕਿਰਿਆ ਨੂੰ ਆਨਲਾਈਨ ਕੀਤਾ ਜਾਂਦਾ ਹੈ।

ਆਨਲਾਈਨ ਪ੍ਰਕਿਰਿਆ ਪੂਰੀ ਕਰਣ ਤੋਂ ਬਾਅਦ ਤੁਹਾਨੂੰ ਫਿੰਗਰਪ੍ਰਿੰਟ ਵਾਸਤੇ ਅਤੇ ਆਪਣਾ ਪਰਮਿਟ Permesso ਪ੍ਰਾਪਤ ਕਰਨ ਲਈ, ਸੂਬੇ ਦੇ ਪੁਲਿਸ ਦਫ਼ਤਰ **(Questura)** ਦੇ ਇਮੀਗ੍ਰੇਸ਼ਨ ਦਫ਼ਤਰ ਤੋਂ ਇੱਕ ਰਜਿਸਟਰਡ ਬੁਲਾਵਾ ਪੱਤਰ ਪ੍ਰਾਪਤ ਹੋਵੇਗਾ।

ਤੁਹਾਡੇ ਪਰਮਿਟ ਦਾ ਨਵੀਨੀਕਰਨ ਜਾਂ ਵਾਧਾ ਨਹੀਂ ਕੀਤਾ ਜਾ ਸਕਦਾ ਹੈ :

- ਜੇਕਰ ਤੁਸੀਂ ਇਟਲੀ ਵਿੱਚ ਆਪਣੇ ਠਹਿਰਨ ਦੇ ਛੇ ਮਹੀਨਿਆਂ ਤੋਂ ਲਗਾਤਾਰ ਜਾਂ ਤੁਹਾਡੇ ਰਹਿਣ ਦੇ ਪਰਮਿਟ ਦੀ ਵੈਧਤਾ ਦੀ ਅੱਧੀ ਤੋਂ ਵੱਧ ਮਿਆਦ ਦੇ ਬਰਾਬਰ ਸਮੇਂ ਵਿੱਚ,ਕਿਸੇ ਵੀ ਪ੍ਰਕਾਰ ਦੀ ਰੁਕਾਵਟ ਪਾਉਂਦੇ ਹੋ
- ਇਸ ਦੇ ਨਾਲ ਹੀ ਜੇਕਰ ਤੁਸੀਂ ਕਿਸੇ ਵੀ ਪ੍ਰਕਾਰ ਦੀ ਪਰੇਸ਼ਾਨੀ ਨੂੰ ਪੈਦਾ ਕਰਨ ਦਾ ਕਾਰਣ ਬਣਦੇ ਹੋ
- ਰੁਜ਼ਗਾਰ ਇਕਰਾਰਨਾਮੇ 'ਤੇ ਹਸਤਾਖ਼ਰ ਨਾ ਕਰਨ, ਨਿਰਭਰਤਾ ਦੀ ਘਾਟ ਜਾਂ ਢੁਕਵੀਂ ਰਿਹਾਇਸ਼, ਸ਼ੈਨਗੈਨ ਖੇਤਰ ਲਈ ਇਕ ਦੇਸ਼ ਦੁਆਰਾ ਅਯੋਗਤਾ ਦੀ ਰਿਪੋਰਟਿੰਗ ਆਦਿ ਲੋੜਾਂ ਨੂੰ ਪੂਰਾ ਕਰਨ ਵਿੱਚ ਅਸਫ਼ਲ ਹੋਣ ਦੀ ਸਥਿਤੀ ਵਿਚ

ਜੇਕਰ ਤੁਸੀਂ ਇਟਲੀ ਵਿੱਚ ਮੌਸਮੀ ਵਰਕਰ ਦੇ ਤੌਰ 'ਤੇ ਕੰਮ ਕਰਨ ਆਏ ਹੋ ਅਤੇ ਤੁਸੀਂ ਪਿਛਲੇ ਸਾਲ ਜਿਸ ਮਾਲਕ ਅਧੀਨ ਜਾਂ ਜਗ੍ਹਾ ਕੰਮ ਲਈ ਅਧਿਕਾਰਤ ਸੀ ਤਾਂ ਤੁਸੀਂ ਦੁਬਾਰਾ ਉਸ ਕੰਮ ਲਈ ਹੀ ਅਰਜ਼ੀ ਦੇ ਸਕਦੇ ਹੋ। ਅਜਿਹੀ ਸਥਿਤੀ ਵਿੱਚ ਤੁਹਾਡੀ ਮੰਗ/ਇਜਾਜ਼ਤ ਨੂੰ ਠੀਕ ਮੰਨਿਆ ਜਾਵੇਗਾ। ਜੇ ਵਰਕਰ ਇਹ ਦਿਖਾ ਸਕਦੇ ਹੋਣ ਕਿ ਉਹ ਲਗਾਤਾਰ ਬੀਤੇ ਦੋ ਸਾਲ ਲਈ ਮੌਸਮੀ ਕੰਮ ਲਈ ਇਟਲੀ ਆਏ ਹਨ ਤਾਂ ਅਜਿਹੀ ਸਥਿਤੀ ਵਿੱਚ ਰੁਜ਼ਗਾਰਦਾਤਾ ਨੂੰ ਤਿੰਨ ਸਾਲ ਤੱਕ ਮੌਸਮੀ ਵਰਕਰਾਂ ਨੂੰ ਨਿਯੁਕਤ ਕਰਨ ਦੀ ਇਜਾਜ਼ਤ ਹੁੰਦੀ ਹੈ। ਅਜਿਹੇ ਮੰਤਵ ਲਈ, ਵਿਦੇਸ਼ੀ ਨਾਗਰਿਕਾਂ ਨੂੰ ਲੰਮੀ ਮਿਆਦ (ਤਿੰਨ ਸਾਲ ਤੱਕ) ਦਾ ਵੀਜ਼ਾ ਦੇ ਦਿੱਤਾ ਜਾਂਦਾ ਹੈ। ਕਾਰਜਕਾਰੀ ਸਮੇਂ ਦੇ ਅੰਤ ਵਿੱਚ, ਵਰਕਰ ਨੂੰ ਆਪਣੇ ਮੁਲਕ ਵਾਪਸ ਪਰਤਣਾ ਹੀ ਪੈਂਦਾ ਹੈ। ਜੇਕਰ ਇਹ ਸਾਬਤ ਕਰ ਦਿੱਤਾ ਜਾਂਦਾ ਹੈ ਕਿ, ਵਰਕਰਾਂ ਨੂੰ ਤਿੰਨ ਸਾਲ ਕੰਮ ਕਰਨ ਦੀ ਆਗਿਆ ਮਿਲ ਗਈ ਹੈ ਅਤੇ ਉਨ੍ਹਾਂ ਲਈ ਇਕਰਾਰਨਾਮੇ ਦਾ ਖਰੜਾ ਤਿਆਰ ਕਰ ਲਿੱਤਾ ਗਿਆ ਹੈ ਤਾਂ ਉਨ੍ਹਾਂ ਨੂੰ ਅਗਲੇ ਸਾਲ ਲਈ ਵੀਜ਼ਾ ਦੇ ਦਿੱਤਾ ਜਾਂਦਾ ਹੈ। ਮੌਸਮੀ ਕੰਮਾਂ ਬਾਰੇ ਕਾਨੂੰਨੀ ਤੌਰ 'ਤੇ ਆਧਿਕਾਰਿਕ ਆਦੇਸ਼ ਹੋਣ ਦੇ ਬਾਵਜੂਦ, ਲੰਮੀ-ਅਵਧੀ ਲਈ ਪਰਮਿਟ ਦੇ ਮੁੱਖ ਲਾਭਾਂ ਵਿੱਚੋਂ ਆਉਣ ਵਾਲੇ ਸਾਲ ਵਿੱਚ, ਮੌਸਮੀ ਵਰਕਰਾਂ ਨੂੰ ਇਟਲੀ ਵਿੱਚ ਦਾਖਲ ਹੋਣ ਦੀ ਆਗਿਆ ਦੇਣਾ ਸ਼ਾਮਿਲ ਹੈ।

ਪਹਿਲਾਂ ਤੋਂ ਇਟਲੀ ਵਿੱਚ ਮੌਸਮੀ ਵਰਕਰ ਦੇ ਤੌਰ 'ਤੇ ਤਿੰਨ ਸਾਲ ਕੰਮ ਕਰਨ ਲਈ ਇਜਾਜ਼ਤ ਲੈਣ ਵਾਲੇ ਵਰਕਰਾਂ ਲਈ ਆਉਣ ਵਾਲੇ ਸਾਲਾਂ ਵਿੱਚ ਐਪਲੀਕੇਸ਼ਨ ਇੱਕ ਵੱਖਰੇ ਰੁਜ਼ਗਾਰਦਾਤਾ ਦੁਆਰਾ ਵੀ ਕੀਤੀ ਜਾ ਸਕਦੀ ਹੈ।

ਮੌਸਮੀ ਵਰਕਰ ਜਿਨ੍ਹਾਂ ਨੇ ਘੱਟੋ-ਘੱਟ 3 ਮਹੀਨਿਆਂ ਲਈ ਨਿਯਮਤ ਤੌਰ 'ਤੇ ਕੰਮ ਕੀਤਾ ਹੈ ਅਤੇ ਜਿਨ੍ਹਾਂ ਨੂੰ ਅਸਥਾਈ ਜਾਂ ਸਥਾਈ ਕੰਟਰੈਕਟ ਦੀ ਪੇਸ਼ਕਸ਼ ਕੀਤੀ ਗਈ ਹੈ, ਉਹ ਲੋਕ ਕੋਟਾ ਪ੍ਰਣਾਲੀ ਦੀਆਂ ਸੀਮਾਵਾਂ ਦੇ ਅੰਦਰ, ਨਿਵਾਸ ਪਰਮਿਟ ਨੂੰ ਸਥਾਈ ਵਰਕ ਪਰਮਿਟ ਵਿੱਚ ਬਦਲ ਸਕਦੇ ਹਨ।

## 1.6 ਰਹਣਿ ਲਈ ਪਰਮਟਿ (Permesso di Soggiorno) ਦੁਆਰਾ ਤੁਹਾਨੂੰ ਜੋ ਅਧਕਿਾਰ ਪ੍ਰਪਾਤ ਹਨ, ਉਹ ਇਸ ਪ੍ਰਕਾਰ ਹਨ:

- ਰੁਜ਼ਗਾਰ ਕੇਂਦਰਾਂ ਵਿੱਚ ਆਪਣਾ ਨਾਂ ਦਰਜ਼ ਕਰਵਾਉ ਲਈ ਆਪਣੇ ਬਾਰੇ ਸਾਰਾਂਸ਼ (ਰਜ਼ਿਊਮੇ) ਤਿਆਰ ਕਰਨਾ
- ਨੈਸ਼ਨਲ ਹੈਲਥ ਕੇਅਰ ਸਿਸਟਮ ਜਾਂ ਐਸ.ਐੱਸ.ਐੱਨ ਵਿੱਚ ਆਪਣਾ ਨਾਂ ਦਰਜ਼ ਕਰਵਾਉਣਾ
- ਕਾਨੂੰਨੀ ਤੌਰ 'ਤੇ ਆਪਣੇ ਆਪ ਨੂੰ ਆਈ.ਐਨ.ਪੀ.ਐਸ (ਨੈਸ਼ਨਲ ਇੰਸਟੀਚਿਊਟ ਫ਼ਾਰ ਸੋਸ਼ਲ ਵੈਲਫ਼ੇਅਰ) ਵਿੱਚ ਰਜਿਸਟਰ ਕਰਨਾ
- ਕਾਨੂੰਨੀ ਤੌਰ 'ਤੇ ਆਪਣੇ ਆਪ ਨੂੰ ਆਈ.ਐਨ.ਏ.ਆਈ.ਐਲ (ਵਰਕਪਲੇਸ 'ਤੇ ਇਨਜਰੀ ਲਈ ਰਾਸ਼ਟਰੀ ਸੰਸਥਾ) ਵਿੱਚ ਰਜਿਸਟਰ ਕਰਨਾ
- ਜਿੱਥੇ ਤੁਸੀਂ ਰਹਿੰਦੇ ਹੋ ਉਸ ਨਗਰਪਾਲਿਕਾ ਦੀ ਰਜਿਸਟਰੀ ਵਿੱਚ ਆਪਣਾ ਨਾਂ ਦਰਜ਼ ਕਰਾਉਣਾ
- ਪਬਲਿਕ ਸਕੂਲਾਂ ਵਿੱਚ ਦਾਖ਼ਲਾ ਲੈਣ ਲਈ ਆਪਣੇ ਬੱਚਿਆਂ (ਨਾਬਾਲਗ) ਲਈ ਅਰਜ਼ੀ ਦੇਣਾ
- ਕਿਸੇ ਐਸੋਸੀਏਸ਼ਨ ਵਿੱਚ ਸ਼ਾਮਲ ਹੋਣਾ ਜਾਂ ਉਸ ਦਾ ਪ੍ਰਚਾਰ ਕਰਨਾ
- ਟ੍ਰੇਡ ਯੂਨੀਅਨ ਨਾਲ ਜੁੜਨਾ

## 1.7 ਯੂਰੋਪੀਅਨ ਯੂਨੀਅਨ ਦਾ ਲੰਬੀ-ਅਵਧੀ ਲਈ ਰਿਹਾਇਸੀ ਪਰਮਿਟ

(Permesso di Soggiorno UE per Soggiornanti di Lungo Periodo Permesso di Soggiorno)

ਇਹ ਇਕ ਆਮ ਰਿਹਾਇਸੀ ਪਰਮਿਟ **(Permesso di Soggiorno)** ਤੋਂ ਬਿਹਤਰ ਹੁੰਦਾ ਹੈ ਕਿਉਂ ਕਿ ਇਸ ਲਈ ਤੁਹਾਨੂੰ ਦਸਤਾਵੇਜ਼ ਰੀਨਿਊ **(Rinnovare)** ਕਰਾਉਣ ਦੀ ਲੋੜ ਨਹੀਂ ਹੁੰਦੀ, ਪਰ ਤੁਹਾਨੂੰ ਲੰਬੀ-ਅਵਧੀ ਲਈ ਰਿਹਾਇਸੀ ਪਰਮਿਟ ਨੂੰ ਅਪਡੇਟ **(Aggiornare)** ਰੱਖਣ ਦੀ ਜ਼ਰੂਰਤ ਹੁੰਦੀ ਹੈ ਅਤੇ ਤੁਸੀ ਹੋਰ ਸਮਾਜਕ ਅਤੇ ਇੰਟੀਗ੍ਰੇਸ਼ਨ ਮੌਕਿਆਂ ਨੂੰ ਪ੍ਰਪਾਤ ਕਰਨ ਦੇ ਹੱਕਦਾਰ ਬਣ ਸਕਦੇ ਹੋ।

ਇਸ ਪਰਮਿਟ ਨੂੰ ਪ੍ਰਾਪਤ ਕਰਨ ਲਈ ਹੇਠਾਂ ਦਿੱਤੇ ਵਿਕਲਪਾਂ ਦੀ ਯੋਗਤਾ ਪੂਰੀ ਕਰਨੀ ਜਰੂਰੀ ਹੁੰਦੀ ਹੈ:



ਫ਼ੋਟੋ: ਯੂਰੋਪੀਅਨ ਯੂਨੀਅਨ ਦਾ ਲੰਮੀ-ਅਵਧੀ ਲਈ ਰਿਹਾਇਸੀ ਪਰਮਿਟ (Permesso di Soggiorno UE per Soggiornanti di Lungo Periodo)

1. ਇਟਲੀ ਵਿੱਚ 5 ਸਾਲਾਂ ਤੱਕ ਨਿਯਮਿਤ ਸਥਿਤੀ ਵਿੱਚ ਰਹਿਣਾ,
2. ਆਈ.ਐਸ.ਈ.ਈ ਦੁਆਰਾ ਨਿਰਭਰ ਵਿਅਕਤੀ ਵੀ ਸ਼ਾਮਲ ਹਨ ਤਾਂ ਘੱਟੋ-ਘੱਟ ਆਮਦਨ ਪਰਿਵਾਰਕ ਜ਼ਰੂਰਤਾਂ ਦੀ ਪੂਰਤੀ ਕਰਨ ਵਾਲੀ ਹੋਣੀ ਚਾਹੀਦੀ ਹੈ|
3. ਰੁਜ਼ਗਾਰ ਇਕਰਾਰਨਾਮਾ ਜਾਂ ਇਟਲੀ ਵਿੱਚ ਤੁਹਾਡੇ ਕੰਮਕਾਜ ਅਤੇ ਵਪਾਰਕ ਗਤੀਵਿਧੀਆਂ ਨਾਲ ਸੰਬੰਧਿਤ ਕੋਈ ਵੀ ਦਸਤਾਵੇਜ਼,

**4.** ਢੁਕਵੀ ਰਿਹਾਇਸ਼ ਜੋ ਕਾਨੂੰਨ ਦੁਆਰਾ ਨਿਰਧਾਰਤ ਕੀਤੇ ਗਏ ਮਾਪਦੰਡਾਂ ਦੀ ਪਾਲਣਾ ਕਰਦੀ ਹੋਵੇ
**5.** ਇਟਾਲੀਅਨ ਤੋਂ ਪ੍ਰਮਾਣਿਤ ਟੈਸਟ ਪਾਸ ਕੀਤਾ ਹੋਣਾ ਚਾਹੀਦਾ ਹੈ

ਕਿਸੇ ਆਮ Permesso di Soggiorno 'ਤੇ ਪ੍ਰਾਪਤ ਹੋਣ ਵਾਲੀ ਆਖ਼ਰੀ ਮਿਤੀ ਦੀ ਬਜਾਏ ਤੁਹਾਨੂੰ ਯੂਰੋਪੀਅਨ ਯੂਨੀਅਨ ਦੁਆਰਾ ਲੰਮੀ-ਅਵਧੀ ਲਈ ਪ੍ਰਪਾਤ ਰਿਹਾਇਸੀ ਪਰਮਿਟ **(Permesso di Soggiorno UE di LungoPeriodo)** ਉੱਤੇ "**Illimitato**" ਸ਼ਬਦ ਮਿਲੇਗਾ, ਜਿਸ ਦਾ ਅਰਥ "ਅਸੀਮਿਤ" ਹੁੰਦਾ ਹੈ।

## 1.8 ਜੇ ਤੁਹਾਡੇ ਕੋਲ ਰਹਿਣ ਲਈ ਕੋਈ ਵੇਲਿਡ ਪਰਮਿਟ ਨਹੀ ਹੈ

(Permesso di Soggiorno)

ਵੇਲਿਡ ਪਰਮਿਟ ਦਾ **(Permesso di Soggiorno)** ਨਵੀਨੀਕਰਨ ਤੁਹਾਡੇ ਨਿਯਮਤ ਤੌਰ 'ਤੇ ਕੰਮ ਕਰਨ 'ਤੇ ਨਿਰਭਰ ਕਰਦਾ ਹੈ। ਇਸ ਬਾਰੇ ਵਧੇਰੇ ਜਾਣਕਾਰੀ ਪ੍ਰਾਪਤ ਕਰਨ ਲਈ ਕ੍ਰਿਪਾ ਕਰਕੇ ਭਾਗ 4.1 ਨੂੰ ਦੇਖੋ

ਜੇਕਰ ਤੁਹਾਡੇ ਕੋਲ ਰਹਿਣ ਲਈ ਕੋਈ ਵੇਲਿਡ ਪਰਮਿਟ **(Permesso di Soggiorno)** ਨਾ ਹੋਵੇ ਤਾਂ ਇਸ ਮਾਮਲੇ ਵਿੱਚ ਤੁਹਾਨੂੰ ਇੱਕ ਅਨਿਯਮਿਤ ਪਰਵਾਸੀ **(Migrante Irregolare)** ਮੰਨਿਆ ਜਾਂਦਾ ਹੈ। ਇਹ ਉਸ ਵੇਲੇ ਹੁੰਦਾ ਹੈ, ਜਦੋਂ ਤੁਸੀਂ ਸਮੇਂ-ਸਿਰ ਆਪਣਾ ਰਿਹਾਇਸ਼ੀ ਪਰਮਿਟ ਰੀਨਿਊ ਨਾ ਕਰਵਾਇਆ ਹੋਵੇ ਜਾਂ ਗੈਰ ਕਾਨੂੰਨੀ ਤਰੀਕੇ ਨਾਲ ਇਟਲੀ ਵਿੱਚ ਦਾਖ਼ਲ ਹੋਣ ਦੀ ਸਥਿਤੀ ਤੋਂ ਬਾਅਦ ਵੀ, ਇਹ ਪਰਮਟਿ ਨਾ ਬਣਵਾਇਆ ਹੋਵੇ।



ਇਟਾਲੀਅਨ ਕਾਨੂੰਨ ਗੈਰ-ਦਸਤਾਵੇਜ਼ੀ/ਅਨਿਯਮਿਤ ਪਰਵਾਸੀ ਦੇ ਨਿਯਮਤਕਰਨ ਦੀ ਆਗਿਆ ਨਹੀ ਦਿੰਦੇ ਹਨ। ਇਸ ਲਈ ਜੇਕਰ ਤੁਸੀਂ ਰਹਿਣ ਵਾਲੇ ਪਰਮਿਟ ਤੋਂ ਬਿਨਾਂ ਜਾਂ ਮਿਆਦ ਮੁੱਕ ਚੁੱਕੇ ਪਰਮਿਟ ਦੇ ਨਾਲ ਇਟਲੀ ਵਿੱਚ ਦਾਖ਼ਲ ਹੁੰਦੇ ਹੋ ਤਾਂ ਇਸ ਪ੍ਰਕਾਰ ਤੁਸੀਂ ਕਾਨੂੰਨ ਦੀ ਉਲੰਘਣਾ ਕਰਦੇ ਹੋ, ਜਿਸ ਲਈ ਤੁਹਾਨੂੰ ਪੰਜ ਤੋਂ ਦਸ ਹਜ਼ਾਰ ਯੂਰੋ ਦਾ ਜੁਰਮਾਨਾ ਦੇਣਾ ਪੈ ਸਕਦਾ ਹੈ। ਇਸਦਾ ਸਿਰਫ਼ ਇਕੋ-ਇਕ ਹੱਲ ਵਤਨ ਵਾਪਸੀ ਅਰਥਾਤ ਇਸ ਸਥਿਤੀ ਵਿੱਚ ਤੁਹਾਨੂੰ ਆਪਣੇ ਦੇਸ਼ ਵਾਪਸ ਭੇਜ ਦਿੱਤਾ ਜਾਵੇਗਾ।

ਜੇਕਰ ਤੁਹਾਨੂੰ ਨਿਵਾਸ ਪਰਮਿਟ ਨਹੀ ਮਿਲਦਾ ਤਾਂ ਤੁਹਾਨੂੰ 7-30 ਦਿਨਾਂ ਦੇ ਅੰਦਰ-ਅੰਦਰ ਇਟਲੀ ਤੋਂ ਬਾਹਰ ਕੱਢਣ ਦਾ ਫ਼ਰਮਾਨ ਜਾਰੀ ਕਰ ਦਿੱਤਾ ਜਾ ਸਕਦਾ ਹੈ ਜਾਂ ਤੁਹਾਨੂੰ ਪਛਾਣ ਅਤੇ ਦੇਸ਼ ਤੋਂ ਬਾਹਰ ਕੱਢਣ ਨਾਲ ਸੰਬੰਧੀ ਕੇਂਦਰ ਸੀ.ਆਈ.ਈ **(CIE)** ਦੁਆਰਾ ਵਾਪਸ ਭੇਜ ਦਿੱਤਾ ਜਾਵੇਗਾ। ਜਦੋਂ ਤੁਸੀਂ ਸੀ.ਆਈ.ਈ ਦੇ ਦਫ਼ਤਰ ਵਿੱਚ ਹੁੰਦੇ ਹੋ ਤਾਂ ਇਸ ਦੌਰਾਨ ਇਤਾਲਵੀ ਅਧਿਕਾਰੀ ਭਾਰਤੀ ਦੂਤਾਵਾਸ ਤੋਂ ਤੁਹਾਡੇ ਜਨਮ-ਸਥਾਨ/ ਨਾਗਰਿਕਤਾ ਦੀ ਪੁਸ਼ਟੀ ਕਰ ਸਕਦੇ ਹਨ। ਜੇਕਰ ਭਾਰਤੀ ਦੂਤਾਵਾਸ ਤੁਹਾਡੀ ਭਾਰਤੀ ਨਾਗਰਿਕਤਾ ਦੀ ਪੁਸ਼ਟੀ ਕਰ ਦਿੰਦਾ ਹੈ ਤਾਂ ਇਤਾਲਵੀ ਸਰਕਾਰ ਤੁਹਾਨੂੰ ਵਾਪਸ, ਸ਼ਾਇਦ ਜ਼ਬਰਦਸਤੀ ਜਹਾਜ਼ ਵਿੱਚ ਬਿਠਾਕੇ ਭਾਰਤ ਭੇਜ ਸਕਦੀ ਹੈ। ਜੇਕਰ ਇਹ ਮਨਾਹੀ ਰੁਜ਼ਗਾਰ ਦੇ ਕਾਰਣਾਂ, ਰੈਗੂਲਰ ਕੋਰਟ (ਟ੍ਰਿਬਿਊਨਲ ਆਰਡੀਨਾਰੀਓ) ਜਾਂ ਪਰਿਵਾਰਕ ਕਾਰਣਾਂ ਨਾਲ ਸੰਬੰਧਿਤ ਹੈ ਤਾਂ ਫ਼ਰਮਾਨ ਦੀ ਤਾਰੀਖ਼ ਦੇ ਜਾਰੀ ਹੋਣ ਤੋਂ 60 ਦਿਨਾਂ ਦੇ ਅੰਦਰ ਤੁਸੀਂ

ਖੇਤਰੀ ਪ੍ਰਸ਼ਾਸਨਿਕ ਟ੍ਰਿਬਿਊਨਲ (ਟ੍ਰਿਬਿਊਨਲ ਐਮੀਨਸਟ੍ਰੇਟੀਵੋ ਰੀਜਨਲਸ –ਟੀ.ਏ.ਆਰ) ਵਿੱਚ ਆਪਣਾ ਕੇਸ ਫ਼ਾਈਲ ਕਰਨ ਬਾਰੇ ਅਪੀਲ ਕਰ ਸਕਦੇ ਹੋ।

ਜੇਕਰ ਤੁਹਾਡੀ ਪਛਾਣ ਦੀ ਪੁਸ਼ਟੀ 90 ਦਿਨਾਂ ਦੇ ਅੰਦਰ ਨਹੀਂ ਹੁੰਦੀ ਹੈ ਤਾਂ ਤੁਹਾਨੂੰ **decreto di espulsione** ਦਿੱਤਾ ਜਾਵੇਗਾ ਅਤੇ ਦੇਸ਼ ਛੱਡਣ ਲਈ ਕਿਹਾ ਜਾਵੇਗਾ। ਜੇਕਰ ਤੁਸੀਂ ਦੇਸ਼ ਛੱਡਣ ਵਿੱਚ ਅਸਫ਼ਲ ਰਹਿੰਦੇ ਹੋ ਤਾਂ ਤੁਹਾਨੂੰ ਕੈਦ ਵੀ ਕੀਤਾ ਜਾ ਸਕਦਾ ਹੈ।

## 1.9 ਆਪਣੇ ਮੂਲ ਦੇਸ਼ ਵਿੱਚ ਸਵੈ-ਇੱਛਤ ਵਾਪਸੀ ਲਈ ਸਹਾਇਤਾ ਪ੍ਰਦਾਨ ਕਰਨਾ


(Rimpatrio Assistito nel tuo Paese di Origine)

ਜੇ ਤੁਸੀਂ ਲੰਮੇਂ ਸਮੇਂ ਤੱਕ ਰਿਹਾਇਸੀ ਪਰਮਿਟ **(Permesso di Soggiorno)** ਪ੍ਰਾਪਤ ਕਰਨ ਦੀ ਸਥਿਤੀ ਵਿੱਚ ਨਹੀਂ ਹੋ ਤਾਂ ਅਜਿਹੀ ਸਥਿਤੀ ਵਿੱਚ ਤੁਸੀਂ ਲੋਕਲ ਓਰੀਐਂਟੇਸ਼ਨ ਸਰਵਿਸਿਜ਼ ਤੋਂ ਸਵੈ-ਇੱਛਤ ਵਾਪਸੀ ਲਈ ਬਣਾਏ ਗਏ ਸਹਾਇਤਾ ਪ੍ਰਾਪਤ ਪ੍ਰੋਗਰਾਮ **(Rimpatrio Assistito)** ਬਾਰੇ ਪਤਾ ਕਰ ਸਕਦੇ ਹੋ। ਸਵੈ-ਇੱਛਤ ਵਾਪਸੀ ਸਹਾਇਤਾ ਪ੍ਰਾਪਤ ਪ੍ਰੋਗਰਾਮ, ਤੁਹਾਨੂੰ ਸਹਾਇਤਾ (ਸਲਾਹ-ਮਸ਼ਵਰਾ), ਯਾਤਰਾ ਪ੍ਰਬੰਧ ਲਈ ਅਦਾਇਗੀ ਅਤੇ ਰਵਾਨਗੀ ਲਈ ਦਿੱਤੀ ਜਾਣ ਵਾਲੀ ਰਕਮ ਪ੍ਰਦਾਨ ਕਰਦੇ ਹਨ।

ਸਵੈ-ਇੱਛਤ ਵਾਪਸੀ ਪ੍ਰੋਗਰਾਮ ਬਾਰੇ ਜ਼ਿਆਦਾ ਜਾਣਕਾਰੀ ਲਈ ਤੁਸੀਂ **www.italy.iom.int** ਤੋਂ ਆਈ.ਓ.ਐਮ ਇੰਟਰਨੈਸ਼ਨਲ ਆਰਗੇਨਾਈਜੇਸ਼ਨ ਫ਼ਾਰ ਮਾਈਗ੍ਰੇਸ਼ਨ ਦੇ ਇਟਾਲੀਅਨ ਦਫ਼ਤਰ ਬਾਰੇ ਜਾਣਕਾਰੀ ਪ੍ਰਾਪਤ ਸਕਦੇ ਹੋ ਜਾਂ ਤੁਸੀਂ ਫ਼ੋਨ ਨੰਬਰ: 06 44 16 091/222 'ਤੇ ਵੀ ਸੰਪਰਕ ਕਰ ਸਕਦੇ ਹੋ।

## 1.10ਅਗਰ ਤੁਸੀ ਆਪਣੇ ਪਰਿਵਾਰ ਦੇ ਮੈਂਬਰਾਂ ਨੂੰ ਲਿਆਉਣਾ ਚਾਹੁੰਦੇ ਹੋ

(If you want to bring your family members)



ਜੇਕਰ ਤੁਹਾਡੇ ਕੋਲ ਇੱਕ ਸਾਲ ਤੋਂ ਵੱਧ ਸਮੇਂ ਲਈ ਇਟਲੀ ਵਿੱਚ ਕੰਮ ਕਰਨ ਅਤੇ ਰਹਿਣ ਲਈ ਪ੍ਰਮਾਣਤ ਰਿਹਾਇਸੀ ਪਰਮਿਟ ਹੈ, ਤੁਹਾਡੇ ਕੋਲ ਅਜਿਹੀ ਜਗ੍ਹਾ ਹੈ ਜਿੱਥੇ ਤੁਹਾਡਾ ਪਰਿਵਾਰ ਰਹਿ ਸਕੇ ਅਤੇ ਆਈ.ਐਸ.ਈ.ਈ ਦੁਆਰਾ ਪ੍ਰਮਾਣਿਤ ਲੋੜੀਂਦੀ ਆਰਥਿਕ ਸਥਿਤੀ (CAFs ਦਾ ਚੈਪਟਰ 9 ਦੇਖੋ) ਹੋਵੇ ਤਾਂ ਤੁਸੀਂ ਪਰਿਵਾਰ ਨਾਲ ਰਹਿਣ ਲਈ ਰਿਹਾਇਸੀ ਪਰਮਿਟ ਦੀ ਮੰਗ **(Permesso di Soggiorno per Ricongiungimento Familiare)** ਕਰ ਸਕਦੇ ਹੋ।

**The Ricongiungimento Familiare** ਤੁਹਾਨੂੰ ਆਪਣੇ ਪਤੀ ਜਾਂ ਪਤਨੀ, ਘੱਟ ਉਮਰ ਦੇ ਬੱਚਿਆਂ, ਤੁਹਾਡੇ ਮੂਲ ਦੇਸ਼ ਵਿੱਚ ਬਿਨਾਂ ਪਰਿਵਾਰਕ ਸਹਾਇਤਾ ਵਾਲੇ ਬਜ਼ੁਰਗ ਮਾਪਿਆਂ ਨੂੰ ਇਟਲੀ ਲਿਆਉਣ ਦੀ ਆਗਿਆ ਦਿੰਦਾ ਹੈ।

**ਮੁੜ-ਏਕੀਕਰਨ ਲਈ ਅਰਜ਼ੀ Ricongiungimento** ਦੀ ਪ੍ਰਕਿਰਿਆ **Sportello Unico per l'Immigrazione at Prefettura-UTG** ਨੂੰ ਆਨ-ਲਾਈਨ ਜਮ੍ਹਾਂ ਕਰਾਉਣੀ ਚਾਹੀਦੀ ਹੈ, ਪਰ ਇਹ ਬਹੁਤ ਗੁੰਝਲਦਾਰ ਪ੍ਰਕਿਰਿਆ ਹੈ ਅਤੇ ਇਸ ਕੇਸ ਵਿੱਚ ਤੁਹਾਨੂੰ ਕੁਝ ਸਥਾਨਕ ਓਰੀਐਂਟੇਸ਼ਨ ਸਰਵਿਸਿਜ਼ ਦੀ ਮਦਦ ਵੀ ਲੈਣੀ ਚਾਹੀਦੀ ਹੈ।

ਪਰਿਵਾਰਕ ਵੀਜ਼ੇ ਨੂੰ ਕਈ ਕਾਰਣਾਂ ਕਰਕੇ ਰੱਦ ਕੀਤਾ ਜਾ ਸਕਦਾ ਹੈ, ਜਿਨ੍ਹਾਂ ਵਿਚੋਂ ਪ੍ਰਮੁੱਖ ਹਨ:

- ਜੇ ਮਾਪਿਆਂ ਦੇ ਭਾਰਤ ਵਿੱਚ ਦੂਜੇ ਬੱਚੇ ਰਹਿੰਦੇ ਹੋਣ;
- ਭਾਰਤ ਵਿੱਚ ਪੈਦਾ ਹੋ ਹੋਈ ਆਮਦਨ;
- ਸੱਦਾ ਦੇਣ ਵਾਲੇ ਵਿਅਕਤੀ 'ਤੇ ਵਿੱਤੀ ਨਿਰਭਰਤਾ ਪੂਰੀ ਤਰਾਂ ਸਾਬਿਤ ਨਾ ਹੋਣਾ;
- ਕੋਈ ਵਿਦੇਸ਼ੀ ਰਾਸ਼ਟਰੀ ਜਨਤਾ ਦੇ ਹੁਕਮ,
- ਇਟਲੀ ਜਾਂ ਹੋਰ ਸ਼ੇਂਗਨ ਦੇਸ਼ਾਂ ਦੀ ਸੁਰੱਖਿਆ ਲਈ ਵਾਸਤਵਿਕ ਖ਼ਤਰੇ ਦਾ ਪ੍ਰਤੀਨਿਧਤਵ ਪੇਸ਼ ਕਰਦਾ ਹੋਵੇ

## ਜੇਕਰ ਤੁਸੀ ਆਪਣੇ Permesso di Soggiorno ਵਿੱਚ ਆਪਣੇ ਠਹਿਰਣ ਦੇ ਮਕਸਦ ਨੂੰ ਬਦਲਣਾ ਚਾਹੁੰਦੇ ਹੋ ਤਾਂ :

ਜਿੰਨੇ ਸਮੇਂ ਤੱਕ ਤੁਹਾਡਾ ਪਰਮਿਟ ਵੈਧ ਰਹਿੰਦਾ ਹੈ ਤਾਂ ਤੱਕ ਤੁਸੀਂ ਹੋਰਨਾਂ ਗਤੀਵਿਧੀਆਂ ਲਈ ਆਪਣੇ ਪਰਮਿਟ ਦੀ ਵਰਤੋਂ ਕਰ ਸਕਦੇ ਹੋ। ਇਸ ਨੂੰ ਨਵਿਆਉਣ ਸਮੇਂ ਤੁਸੀਂ ਇਸ ਵਿਚਲੇ ਕਾਰਣਾਂ ਨੂੰ ਬਦਲ ਵੀ ਸਕਦੇ ਹੋ।

## 1.11.1 ਵਿਦਿਆਰਥੀ ਤੋਂ ਨੌਕਰੀ ਲਈ ਬਦਲਣਾ

ਇਹ ਤੁਹਾਡੇ ਪਰਮਿਟ ਦੀ ਮਿਆਦ ਖ਼ਤਮ ਹੋਣ ਤੋਂ ਪਹਿਲਾਂ ਅਤੇ ਸਰਕਾਰ ਦੇ ਸਾਲਾਨਾ ਕੋਟੇ ਦੇ ਅੰਦਰ-ਅੰਦਰ ਹੀ ਸੰਭਵ ਹੈ। ਇਸ ਲਈ ਤੁਹਾਨੂੰ ਰੁਜ਼ਗਾਰ ਸੰਬੰਧੀ ਹਰ ਪ੍ਰਕਾਰ ਦੇ ਦਸਤਾਵੇਜ਼ ਪੇਸ਼ ਕਰਨੇ ਹੋਣਗੇ। ਜਿਨ੍ਹਾਂ ਲੋਕਾਂ ਨੇ ਆਪਣੇ ਅਧਿਐਨ ਲਈ ਪ੍ਰਾਪਤ ਰਿਹਾਇਸ਼ੀ ਪਰਮਿਟ ਦੀ ਮਿਆਦ 'ਤੇ ਇਟਲੀ ਵਿੱਚ ਗ੍ਰੈਜੁਏਸ਼ਨ, ਡਾਕਟਰੀ ਜਾਂ ਮਾਸਟਰ ਡਿਗਰੀ ਪ੍ਰਾਪਤ ਕੀਤੀ ਹੈ। ਉਨ੍ਹਾਂ ਨੂੰ ਰੁਜ਼ਗਾਰ ਪ੍ਰਾਪਤ ਕਰਨ ਵਾਲੇ ਵਿਅਕਤੀਆਂ ਦੀ ਰਜਿਸਟਰੀ ਵਿੱਚ ਸ਼ਾਮਲ ਕੀਤਾ ਜਾ ਸਕਦਾ ਹੈ, ਪਰ ਇਸ ਰਜਿਸਟਰੀ ਦੀ ਮਿਆਦ 12 ਮਹੀਨਿਆਂ ਤੋਂ ਵੱਧ ਨਹੀ ਹੋਵੇਗੀ।

## 1.11.2 ਮੌਸਮੀ ਰੁਜ਼ਗਾਰ ਤੋਂ ਫ਼ਿਕਸਡ-ਟਰਮ ਜਾਂ ਓਪਨ-ਐਂਡਿਡ ਰੁਜ਼ਗਾਰ ਵਿੱਚ ਬਦਲਣਾ

ਵਿਦੇਸ਼ੀ ਵਰਕਰਾਂ ਨੂੰ ਮੌਸਮੀ ਰੁਜ਼ਗਾਰ ਦੇ ਉਦੇਸ਼ਾਂ ਨੂੰ ਪੂਰਾ ਕਰਨ ਲਈ ਇਟਲੀ ਵਿੱਚ ਦਾਖ਼ਲ ਹੋਣ ਦਾ ਅਧਿਕਾਰ ਹੈ। ਉਹ ਮੌਸਮੀ ਵਰਕ ਨਿਵਾਸ ਪਰਮਿਟ ਨੂੰ ਉਪਲੱਬਧ ਕੋਟਾ ਦੇ ਫ਼ਰੇਮਵਰਕ ਅਨੁਸਾਰ ਕਿਸੇ ਵੀ ਹੋਰ ਰੁਜ਼ਗਾਰ ਲਈ ਜਿਵੇਂ ਕਿ; ਫ਼ਿਕਸਡ-ਟਰਮ ਜਾਂ ਓਪਨ-ਐਂਡਿਡ ਰੁਜ਼ਗਾਰ ਵਿੱਚ ਬਦਲ ਸਕਦੇ ਹਨ।

ਵਿਦੇਸ਼ੀ ਕਾਮੇ ਮੌਸਮੀ ਰੁਜ਼ਗਾਰ ਪਰਮਿਟ ਨੂੰ, ਰੁਜ਼ਗਾਰ ਵਰਕ ਨਿਵਾਸ ਪਰਮਿਟ ਵਿੱਚ ਬਦਲਣ ਲਈ ਇਮੀਗ੍ਰੇਸ਼ਨ ਵਨ ਸਟੌਪ ਸ਼ਾਪ ਦੁਆਰਾ ਆਪਣੀ ਅਰਜ਼ੀ ਨੂੰ https://nullaostalavoro.interno.it ਦੀ ਵੈਬਸਾਈਟ ਰਾਹੀਂ ਹੀ ਭੇਜ ਸਕਦੇ ਹਨ। ਕੋਟਾ ਦੀ ਉਪਲਬਧਤਾ ਦੇ ਮਾਮਲੇ 'ਚ, ਰੁਜ਼ਗਾਰ-ਨਿਵਾਸ ਪਰਮਿਟ ਲਈ ਅਰਜ਼ੀ ਦਾ ਫ਼ਾਰਮ ਅਤੇ ਨਿਵਾਸ ਦੇ ਇਕਰਾਰਨਾਮੇ 'ਤੇ ਦਸਤਖ਼ਤ ਕਰਨ ਲਈ ਵਿਦੇਸ਼ੀਆਂ ਨੂੰ ਇਕ ਸਟਾਪ ਸ਼ਾਪ ਲਈ ਬੁਲਾਇਆ ਜਾਂਦਾ ਹੈ।

## 1.12 ਜੇਕਰ ਤੁਸੀ ਆਪਣੀ ਨੌਕਰੀ ਗੁਆ ਦਿੰਦੇ ਹੋ

(If you lose your job)

ਜੇਕਰ ਤੁਹਾਡੇ ਕੋਲ ਰਿਹਾਇਸੀ ਪਰਮਿਟ ਹੈ ਅਤੇ ਤੁਹਾਡੀ ਨੌਕਰੀ ਚਲੀ ਜਾਂਦੀ ਹੈ ਤਾਂ ਅਜਿਹੀ ਸਥਿਤੀ ਵਿੱਚ ਤੁਸੀ ਆਪਣੇ ਰਿਹਾਇਸੀ ਪਰਮਿਟ ਦੀ ਮਿਆਦ ਖ਼ਤਮ ਹੋਣ ਤੱਕ ਉੱਥੇ ਦੇ ਸਥਾਨਕ/ਰੈਗੂਲਰ ਨਿਵਾਸੀ ਮੰਨੇ ਜਾਂਦੇ ਹੋ: ਜੇ ਤੁਸੀਂ ਬਰਖ਼ਾਸਤਗੀ ਜਾਂ ਬੇਲੋੜੇਪੁਣ (ਰਡਿੰਡਸੀ) ਕਾਰਣ ਆਪਣੀ ਨੌਕਰੀ ਗੁਆ ਦਿੰਦੇ ਹੋ ਤਾਂ ਤੁਹਾਨੂੰ ਆਪਣੇ ਕੰਟਰੈਕਟ ਦੀ ਸਮਾਪਤੀ ਤੋਂ 40 ਦਿਨਾਂ ਦੇ ਅੰਦਰ-ਅੰਦਰ ਲੇਬਰ ਦਫ਼ਤਰ (centro per límpiego) ਵਿਖੇ ਨੌਕਰੀ ਭਾਲਣ ਵਾਲਿਆਂ ਦੀ ਰਜਿਸਟਰੀ ਵਿੱਚ ਆਪਣਾ ਨਾਂ ਦਰਜ ਕਰਵਾਉਣਾ ਹੁੰਦਾ ਹੈ। ਇੱਥੋਂ ਤੱਕ ਕਿ ਜਦੋਂ ਤੁਹਾਡਾ ਪਰਮਿਟ ਸਥਗਿਤ ਰੁਜ਼ਗਾਰ (pending employment) ਕਾਰਣ ਸਮਾਪਤ ਹੋ ਜਾਂਦਾ ਹੈ, ਤਾਂ ਵੀ ਤੁਸੀਂ ਰੁਜ਼ਗਾਰ ਰਜਿਸਟਰ ਵਿੱਚ ਆਪਣਾ ਨਾਂ ਦਰਜ ਕਰਵਾ ਸਕਦੇ ਹੋ।

ਰਜਿਸਟਰੀ ਵਿੱਚ ਦਾਖ਼ਲਾ, ਨੌਕਰੀ ਲਭਣ ਦੀ ਮਿਆਦ ਤਕ ਵੱਧਦਾ ਹੈ। ਜਦੋਂ ਤੱਕ ਤੁਹਾਨੂੰ ਕੋਈ ਹੋਰ ਨੌਕਰੀ ਨਹੀਂ ਮਿਲਦੀ ਜਾਂ ਤੁਹਾਡੇ ਰਹਿਣ ਦੇ ਪਰਮਿਟ ਦੀ ਵੈਧਤਾ ਦੀ ਮਿਆਦ ਤੱਕ ਤੁਸੀਂ ਆਮਦਨ ਸਹਾਇਤਾ ਦੇ ਰੂਪ ਵਿੱਚ ਬੇਰੁਜ਼ਗਾਰੀ ਲਾਭ ਲੈਣ ਦੇ ਹੱਕਦਾਰ ਹੋ ਸਕਦੇ ਹੋ। ਪਰ ਇਹ ਮੌਸਮੀ ਕਾਮਿਆਂ 'ਤੇ ਲਾਗੂ ਨਹੀਂ ਹੁੰਦਾ।

ਅਨਸ਼ਿਚਤਿ ਰੁਜ਼ਗਾਰ ਲਈ ਰਹਣਿ ਦੇ ਪਰਮਟਿ ਵਾਸਤੇ ਅਰਜ਼ੀ ਨੂੰ ਸਾਰੇ ਡਾਕਖਾਨਆਿਂ ਵੱਿਚ ਉਪਲਬਧ ਕੱਿਟ ਰਾਹੀਂ ਜ਼ਰੂਰ ਭਰਆਿ ਜਾਣਾ ਚਾਹੀਦਾ ਹੈ, ਜੋ ਕ"Sportello Amica"( ਦੋਸਤਾਨਾ ਡੈਸਕ), ਟ੍ਰੇਡ ਯੂਨੀਅਨ ਸਰਵਸਿਜ਼ਿ (Patronati) ਅਤੇ ਅਧਕਿਾਰਤਿ ਨਗਰ-ਪਾਲਕਿਾਵਾਂ ਸੇਵਾਵਾਂ ਦੀ ਪੇਸ਼ਕਸ਼ ਕਰਦਾ ਹੈ।

ਜੇਕਰ ਤੁਹਾਨੂੰ ਵੀਜ਼ਾ ਅਤੇ ਪਰਮਟਿ ਸੰਬੰਧੀ ਕਸਿੇ ਵੀ ਕਸਿਮ ਦੀ ਸਹਾਇਤਾ ਚਾਹੀਦੀ ਹੈ ਤਾਂ ਅਧਆਿਇ 9 ਵੱਿਚ ਸੂਚੀਬੱਧ ਵਦਿੇਸ਼ੀ ਲੋਕਾਂ ਲਈ ਸਥਾਨਕ ਸਥਤਿੀ ਸੇਵਾਵਾਂ ਨਾਲ ਸੰਪਰਕ ਕਰੋ| ਇਸ ਕੰਮ ਲਈ ਤੁਹਾਨੂੰ ਆਪਣੇ ਸਾਰੇ ਦਸਤਾਵੇਜ਼ ਦਖਿਾਉਣੇ ਜਰੂਰੀ ਹੁੰਦੇ ਹਨ। ਉਨ੍ਹਾਂ ਕੋਲ ਤਜ਼ਰਬੇਕਾਰ ਵਕੀਲ ਅਤੇ ਸਮਾਜਕਿ ਕਾਰਜਕਰਤਾ ਹਨ ਜੋ ਤੁਹਾਡੀ ਮਦਦ ਨੇ ਨਾਲ-ਨਾਲ ਤੁਹਾਡੇ ਦੁਆਰਾ ਦੱਿਤੀ ਗਈ ਜਾਣਕਾਰੀ ਨੂੰ ਗੁਪਤ ਵੀ ਰੱਖਦੇ ਹਨ।

## 1.13 ਸਿਟੀ ਕੌਂਸਲ ਦੇ ਦਫ਼ਤਰ ਤੋਂ ਪਛਾਣ ਪੱਤਰ, ਰਿਹਾਇਸੀ ਪ੍ਮਾਣ ਪੱਤਰ ਅਤੇ ਹੋਰ ਦਸਤਾਵੇਜ਼

(Identity Card, Certificate of Residence and other documents from the City Council's Offices)

ਰਿਹਾਇਸੀ ਪ੍ਮਾਣ ਪੱਤਰ **(Certificato di Residenza)**, ਪਰਿਵਾਰਕ ਸਥਿਤੀ ਨਾਲ ਸੰਬੰਧਿਤ ਪ੍ਮਾਣ ਪੱਤਰ **(Stato di Famiglia)** ਜਾਂ ਪਛਾਣ ਪੱਤਰ (Carta di Identità) ਦੀ ਬੇਨਤੀ ਕਰਨ ਲਈ, ਤੁਹਾਨੂੰ ਸਿਟੀ ਕੌਂਸਲ ਵਿਖੇ ਜਨਰਲ ਰਜਿਸਟਰੀ ਦਫ਼ਤਰ ਜਾਣਾ ਪਵੇਗਾ ਜਾਂ ਸਿਟੀ ਕੌਂਸਲ ਦੀ ਵੈਬਸਾਈਟ 'ਤੇ ਜਾਕੇ ਆਪਣੇ ਸਰਟੀਫਿਕੇਟ ਬਾਰੇ ਆਨਲਾਈਨ ਜਾਣਕਾਰੀ ਪ੍ਾਪਤ ਕਰ ਸਕਦੇ ਹੋ।

ਸਥਾਨਕ ਮਿਊਂਸੀਪਲ ਪੁਲਿਸ **(Polizia Municipale, Vigili Urbani)** ਦੁਆਰਾ ਤੁਹਾਡੇ ਨਿਵਾਸ ਸਥਾਨ ਦੀ ਫੇਰੀ (ਇਸ ਗੱਲ ਦੀ ਤਸਦੀਕ ਕਰਣ ਲਈ ਕਿ ਤੁਸੀਂ ਦੱਸੇ ਹੋ ਪਤੇ 'ਤੇ ਸਹੀ ਤਰੀਕੇ ਨਾਲ ਰਹਿ ਰਹੇ ਹੋ)ਤੋਂ ਬਾਅਦ ਤੁਹਾਨੂੰ ਤੁਹਾਡੀ ਆਈ.ਡੀ **(Carta di Identità)** ਰਿਲੀਜ਼ ਕਰ ਦਿੱਤੀ ਜਾਵੇਗੀ।

### 1.13.1 ਪਛਾਣ ਪੱਤਰ

(Carta di Identità)

ਇਹ ਨਾਗਰਿਕਾਂ ਅਤੇ ਵਿਦੇਸ਼ੀਆਂ ਲਈ ਵਿਅਕਤੀਗਤ ਪਛਾਣ ਵਾਲਾ ਦਸਤਾਵੇਜ਼ ਹੈ।

15 ਸਾਲ ਤੋਂ ਵੱਧ ਉਮਰ ਦੇ ਜਿਸ ਵੀ ਵਿਅਕਤੀ ਕੋਲ ਪ੍ਮਾਣਤ ਰਿਹਾਇਸੀ ਪਰਮਿਟ ਹੈ ਅਤੇ ਉਹ ਇਟਲੀ ਵਿੱਚ ਰਹਿ ਰਿਹਾ ਹੋਵੇ ਤਾਂ ਉਹ ਇਸ ਕਾਰਡ ਲਈ ਯੋਗ ਹੁੰਦਾ ਹੈ। ਤੁਹਾਡਾ ਪਛਾਣ ਕਾਰਡ ਇਹ ਪ੍ਮਾਣਿਤ ਕਰਨ ਲਈ ਕਾਫ਼ੀ ਨਹੀਂ ਹੈ ਕਿ ਤੁਸੀਂ ਕਾਨੂੰਨੀ ਤੌਰ 'ਤੇ ਇਟਲੀ ਵਿੱਚ ਰਹੀ ਰਹੇ ਹੋ; ਇਸ ਲਈ, ਕਿਸੇ ਵੀ ਸਮੇਂ ਸੜਕ 'ਤੇ ਹੋਣ ਵਾਲੀ ਪੁਲਿਸ ਜਾਂਚ ਦੌਰਾਨ ਤੁਹਾਨੂੰ ਆਪਣੇ ਰਿਹਾਇਸੀ ਪਰਮਿਟ ਨੂੰ ਆਪਣੇ ਕੋਲ ਰੱਖਣਾ ਜਰੂਰੀ ਹੈ।




ਫੋਟੋ: ਪਛਾਣ ਪੱਤਰ (Carta di Identità)

ਤੁਹਾਡਾ ਪਛਾਣ ਪੱਤਰ ਹੋਰ ਯੂਰੋਪੀਅਨ ਦੇਸ਼ਾਂ ਵਿੱਚ ਯਾਤਰਾ ਕਰਨ ਲਈ ਪ੍ਮਾਣਤ ਨਹੀਂ ਹੈ। ਤੁਸੀਂ ਆਪਣੇ ਪਛਾਣ ਪੱਤਰ ਦੇ ਆਖ਼ਰੀ ਪੰਨੇ 'ਤੇ "**Not valid to expatriate from Italy**" ਲਿਖਿਆ ਹੋਇਆ

ਵੇਖ ਸਕਦੇ ਹੋ ਜਿਸਦਾ ਅਰਥ “ਇਟਲੀ ਤੋਂ ਬਾਹਰ ਜਾਣ ਲਈ ਪ੍ਰਮਾਣਿਤ ਨਹੀਂ” ਹੈ। ਇਸ ਲਈ, ਵਿਦੇਸ਼ ਜਾਣ ਅਤੇ ਸੁਰੱਖਿਅਤ ਵਾਪਸ ਆਉਣ ਲਈ ਤੁਹਾਨੂੰ ਆਪਣੇ ਪਾਸਪੋਰਟ ਅਤੇ ਰਿਹਾਇਸੀ ਪਰਮਿਟ ਦੀ ਵੀ ਜ਼ਰੂਰਤ ਹੁੰਦੀ ਹੈ।

ਜੇਕਰ ਤੁਹਾਡੇ ਕੋਲ ਭਾਰਤੀ ਪਾਸਪੋਰਟ ਹੈ ਤਾਂ ਉਸ ਦੇ ਖ਼ਤਮ ਹੋਣ ਦੀ ਮਿਆਦ ਤੋਂ 6 ਮਹੀਨੇ ਪਹਿਲਾਂ, ਰੋਮ ਵਿੱਚ ਸਥਿਤ ਦੂਤਾਵਾਸ ਜਾਂ ਮਿਲਾਨ ਦੇ ਕੌਂਸਲ ਜਨਰਲ ਤੋਂ ਆਨਲਾਈਨ ਅਰਜ਼ੀ ਦੇ ਕੇ ਵੀ ਇਸ ਦਾ ਨਵੀਨੀਕਰਨ ਕਰਵਾਇਆ ਜਾ ਸਕਦਾ ਹੈ।

## 1.13.2 ਨਿੱਜੀ ਪ੍ਰਮਾਣ ਪੱਤਰ

(Personal certificates)



ਮਿਊਂਸੀਪਲਟੀ **(Comune)** ਦੇ **Ufficio Anagrafe** ਦੁਆਰਾ ਜਾਰੀ ਕੀਤੇ ਗਏ ਨਿੱਜੀ ਪ੍ਰਮਾਣ ਪੱਤਰ ਅਤੇ ਹੋਰ ਨਿੱਜੀ ਦਸਤਾਵੇਜ਼, ਸਥਾਨਕ ਦਫ਼ਤਰਾਂ ਅਤੇ ਆਨ-ਲਾਈਨ ਉਪਲਬਧ ਹੋ ਸਕਦੇ ਹਨ।

ਸਵੈ-ਪ੍ਰਮਾਣ ਪੱਤਰ **(Autocertificazione)** ਪਬਲਿਕ ਅਥਾੱਰਿਟੀਜ਼ ਨਾਲ ਤੁਹਾਡੇ ਸਬੰਧਾਂ ਵਿੱਚ ਰੈਗੂਲਰ ਪਬਲਿਕ ਸਰਟੀਫਿਕੇਟ ਦੀ ਥਾਂ ਲੈਂਦਾ ਹੈ। ਸਵੈ-ਪ੍ਰਮਾਣ ਕਿਤਾ ਇੱਕ ਪ੍ਰਕਾਰ ਦਾ ਬਿਆਨ ਹੁੰਦਾ ਹੈ, ਜਿਸ ਵਿੱਚ ਤੁਸੀ ਆਪਣੀ ਪਛਾਣ ਬਾਰੇ ਦੱਸਦੇ ਹੋ ਜਾਂ ਇਹ ਦਰਸਾਉਂਦੇ ਹੋ ਕਿ ਤੁਸੀਂ ਕੁਝ ਲੋੜਾਂ ਨੂੰ ਪੂਰਾ ਕਰ ਸਕਦੇ ਹੋ।

ਤੁਸੀ ਇਸ ਬਿਆਨ ਲਈ ਆਪ ਪੂਰੀ ਜ਼ਿੰਮੇਵਾਰੀ ਲੈਂਦੇ ਹੋ। ਸਵੈ-ਪ੍ਰਮਾਣ ਪੱਤਰ ਖ਼ਾਸ ਤੌਰ ’ਤੇ ਤੁਹਾਡੇ ਜਨਮ, ਜਨਮ ਸਥਾਨ, ਰਿਹਾਇਸ਼, ਨਾਗਰਿਕਤਾ, ਪਰਿਵਾਰਕ ਰੁਤਬੇ ਅਤੇ ਤੁਹਾਡੇ ਬੱਚਿਆਂ ਦੇ ਜਨਮ ਬਾਰੇ ਵਰਤਿਆ ਜਾਂਦਾ ਹੈ।

ਤੁਸੀ ਰਹਿਾਇਸ਼ੀ ਪਰਮਟਿ ਦੇ ਨਵੀਨੀਕਰਨ ਲਈ, ਜੁਡੀਸ਼ੀਅਲ ਰਜਿਸਟਰ, ਬਕਾਇਆ ਖਰਚੇ, ਰੁਜ਼ਗਾਰ ਕੇਂਦਰ ਵੱਚਿ ਰਜਿਸਟਰੇਸ਼ਨ ਜਾਂ ਸਕੂਲ/ਸਖਿਲਾਈ ਕੇਂਦਰ ਵੱਚਿ ਦਾਖ਼ਲੇ ਲਈ ਸਵੈ-ਪ੍ਰਮਾਣੀਕਰਨ ਸਰਟੀਫਕਿਟ ਪ੍ਰਦਾਨ ਨਹੀਂ ਕਰ ਸਕਦੇ। ਤੁਹਾਨੂੰ ਸਵੈ-ਸਰਟੀਫਕਿਟ ਬਾਰੇ ਪੂਰੀ ਜ਼ੰਮਿੇਵਾਰੀ ਲੈਣੀ ਪਵੇਗੀ ਅਤੇ ਇਸ ਦੇ ਨਾਲ ਇਹ ਵੀ ਯਕੀਨੀ ਕਰਨਾ ਹੋਵੇਗਾ ਕਿ ਤੁਸੀਂ ਜੋ ਕੁਝ ਵੀ ਕਹਿ ਰਹੇ ਹੋ ਉਹ ਸਭ ਕੁਝ ਸਹੀ ਹੈ।

ਸਵੈ-ਪੱਤਰ ਲਿਖਣ ਵੇਲੇ ਬਹੁਤ ਜ਼ਿਆਦਾ ਧਿਆਨ ਦੇਣ ਦੀ ਲੋੜ ਹੁੰਦੀ ਹੈ (ਪਬਲਿਕ ਅਥਾਰਟੀਆਂ ਤੁਹਾਡੇ ਬਿਆਨ ਨੂੰ ਕਈ-ਕਈ ਵਾਰ ਚੈੱਕ ਕਰ ਸਕਦੀਆਂ ਹਨ): ਜਨਤਕ (ਪਬਲਿਕ) ਕੰਮਾਂ ਵਿੱਚ ਝੂਠਾ ਬਿਆਨ ਦੇਣ ਵਾਲੇ ਕਿਸੇ ਵੀ ਵਿਅਕਤੀ ਨੂੰ ਤਿੰਨ ਸਾਲ ਦੀ ਕੈਦ ਦੀ ਸਜ਼ਾ ਹੋ ਸਕਦੀ ਹੈ।

## 1.14 ਵਿੱਤੀ ਕੋਡ

(Codice Fiscale)



ਇਟਾਲੀਅਨ ਨੈਸ਼ਨਲ ਹੈਲਥ ਸਿਸਟਮ **(Servizio Sanitario Nazionale SSN)** ਅਤੇ ਸਮਾਜਕ ਸੁਰੱਖਿਆ ਲਾਭ ਲਈ ਰਜਿਸਟਰ ਕਰਨ ਵਾਸਤੇ ਤੁਹਾਡੇ ਕੋਲ ਫਿਸਕਲ ਕੋਡ **(Codice Fiscale)** ਕਾਰਡ ਹੋਣਾ ਜ਼ਰੂਰੀ ਹੁੰਦਾ ਹੈ।

Prefettura-UTG ’ਤੇ ਰਹਿਣ ਲਈ ਤੁਹਾਡੇ ਪਹਿਲੇ ਪਰਮਿਟ ਦੀ ਔਨਲਾਈਨ ਪ੍ਰਕਿਰਿਆ ਦੌਰਾਨ, ਇਟਾਲੀਅਨ ਰੀਵਿਨਿਊ ਏਜੰਸੀ **(Agenzia delle Entrate)** ਦਾ ਸਥਾਨਕ ਦਫ਼ਤਰ ਤੁਹਾਨੂੰ **Codice Fiscale** ਜਾਰੀ ਕਰੇਗਾ।

ਇਟਲੀ ਵਿੱਚ ਆਪਣੇ ਪਰਿਵਾਰ ਦੇ ਮੈਂਬਰਾਂ ਦੇ **Codice Fiscale** ਲਈ ਤੁਸੀਂ ਸਿੱਧੇ ਤੌਰ ’ਤੇ ਸਥਾਨਕ **(Agenzia delle Entrate)** ਦਫ਼ਤਰ ਵਿੱਚ ਪਛਾਣ ਪੱਤਰ ਨਾਲ ਸੰਬੰਧਿਤ ਕੋਈ ਵੀ ਦਸਤਾਵੇਜ਼ (ਬਾਲਗਾਂ ਲਈ ਉਨ੍ਹਾਂ ਦਾ ਪਾਸਪੋਰਟ, ਰਿਹਾਇਸ਼ੀ ਪਰਮਿਟ ਅਤੇ ਬੱਚਿਆਂ ਲਈ ਜਨਮ ਪ੍ਰਮਾਣ ਪੱਤਰ ਜਾਂ ਮਾਪਿਆਂ ਦੁਆਰਾ ਘੋਸ਼ਿਤ ਸਵੈ-ਘੋਸ਼ਣਾ ਪੱਤਰ) ਦੇ ਕੇ ਆਪਣੀ ਅਰਜ਼ੀ ਜਮਾ ਕਰ ਸਕਦੇ ਹੋ।

## 1.15 ਆਈ.ਐਸ.ਈ.ਈ

(The ISEE)



ਇਕਸਾਰ ਆਰਥਕ ਸਥਿਤੀ ਸੂਚਕ **(Indicatore della Situazione Economica Equivalente, ISEE)** ਤੁਹਾਡੀ ਆਮਦਨੀ ਦੇ ਲੇਵਲ ਬਾਰੇ ਇੱਕ ਦਸਤਾਵੇਜ਼ ਹੁੰਦਾ ਹੈ।

ਆਮ ਤੌਰ ’ਤੇ ਇਹ ਦਸਤਾਵੇਜ਼ ਲਾਜ਼ਮੀ ਨਹੀਂ ਹੁੰਦਾ ਪਰ ਕਈ ਮਕਸਦਾਂ ਲਈ ਇਹ ਲੋੜੀਂਦਾ ਵੀ ਹੁੰਦਾ ਹੈ। ਉਦਾਹਰਣ ਦੇ ਤੌਰ ’ਤੇ ਤੁਹਾਡੇ ਬੱਚਿਆਂ ਦੇ ਸਕੂਲ ਦੀ ਕੈਂਟੀਨ ’ਤੋਂ ਚੰਗੀ ਛੂਟ ਪ੍ਰਾਪਤ ਕਰਨ ਲਈ, ਜਨਤਕ ਆਵਾਜਾਈ ਦੇ ਪਾਸ ਲਈ ਜਾਂ ਜਨਤਕ ਚੋਣ ਪ੍ਰਕਿਰਿਆ ਅਤੇ ਕਤਾਰਾਂ ਦੀ ਗਿਣਤੀ ਲਈ।

ਤੁਸੀਂ **Attestazione ISEE** (ਆਈ.ਐਸ.ਈ.ਈ) ਬਾਰੇ ਕਿਸੇ ਵੀ ਸੀ.ਏ.ਐਫ਼ (ਅਧਿਆਇ 9 ਦੇਖੋ) ’ਤੇ ਬੇਨਤੀ ਕਰ ਸਕਦੇ ਹੋ, ਜੋ ਤੁਹਾਡੇ ਇਲਾਕੇ ਵਿੱਚ ‘ਮੁਫ਼ਤ ਟੈਕਸ ਸਹਾਇਤਾ’ ਪ੍ਰਦਾਨ ਕਰਨ ਵਾਲੇ ਟੈਕਸ ਸਲਾਹ ਕੇਂਦਰ ਹਨ।

## 2. ਸਮਾਜਕ ਸੁਰੱਖਿਆ (Social security)

ਸਮਾਜਕ ਸੁਰੱਖਿਆ ਪ੍ਰਾਪਤ ਕਰਨ ਲਈ ਤੁਸੀਂ ਹੇਠ ਲਿੱਖੇ ਤਰੀਕਿਆਂ ਦੁਆਰਾ ਹੱਕਦਾਰ ਹੋ ਸਕਦੇ ਹੋ:

1. ਸਮਾਜਕ ਸੁਰੱਖਿਆ ਦੇ ਲਾਭ (ਸੋਸ਼ਲ ਸਕਿਉਰਿਟੀ ਬੈਨਿਫ਼ਿਟ)- ਬੁਢਾਪਾ ਪੈਨਸ਼ਨ, ਰਿਟਾਇਰਮੈਂਟ ਪੈਨਸ਼ਨ ਅਤੇ ਬੇਰੁਜ਼ਗਾਰੀ ਲਾਭ)
2. ਭਲਾਈ ਲਾਭ - ਸਿਵਲ ਇੰਨਵੈਲਿਡਿਟੀ ਪੈਨਸਨ, ਅਪੰਗਤਾ ਪੈਨਸਨ ਅਤੇ ਜਣੇਪਾ ਭੱਤਾ ਆਦਿ।

ਆਪਣੀ ਹੱਕਦਾਰੀ ਬਾਰੇ ਪਤਾ ਕਰਨ ਲਈ ਤੁਸੀਂ ਕਿਸੇ ਸਥਾਨਕ ਨੈਸ਼ਨਲ ਸੋਸ਼ਲ ਸਿਕਊਰਟੀ ਇੰਸਟੀਚਿਊਟ **(INPS Istituto Nazionale Previdenza Sociale)** ਵਿੱਚ ਜਾ ਸਕਦੇ ਹੋ।

ਤੁਸੀਂ ਆਈ.ਐਨ.ਪੀ.ਐਸ ਵਿੱਚ ਆਪਣੀ ਨਿੱਜੀ ਪੋਜੀਸ਼ਨ ਨੂੰ ਮੁੜ ਸੁਰੂ ਕਰਨ ਬਾਰੇ ਕਹਿ ਸਕਦੇ ਹੋ, ਇਸ ਪ੍ਰਕਿਰਿਆ ਨੂੰ **Estratto Conto Contributivo Previdenziale** ਕਿਹਾ ਜਾਂਦਾ ਹੈ| ਇਸ ਦੁਆਰਾ ਤੁਸੀਂ ਇਹ ਪਤਾ ਕਰ ਸਕਦੇ ਹੋ ਕਿ; ਇਟਲੀ ਵਿੱਚ ਤੁਹਾਡੇ ਮਾਲਕ ਨੇ ਕਦੋਂ ਤੱਕ, ਕੀ ਕਰਨ ਅਤੇ ਕਿੰਨੇ ਘੰਟੇ ਲਈ ਤੁਹਾਡੇ ਟੈਕਸ ਅਦਾ ਕੀਤੇ ਹਨ?

ਜੇਕਰ ਤੁਹਾਡੇ **Estratto Conto Contributivo Previdenziale** ਵਿੱਚ ਤੁਹਾਨੂੰ ਕਿਸੇ ਵੀ ਪ੍ਰਕਾਰ ਦੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਤਾਂ ਤੁਸੀਂ ਇਸ ਦਸਤਾਵੇਜ਼ ਨੂੰ ਵਪਾਰਕ ਯੂਨੀਅਨਾਂ **(Sindacati)** ਵਿੱਚ ਲਿਜਾ ਜਾ ਸਕਦੇ ਹੋ ਅਤੇ ਇਕ ਵਰਕਰ ਵਜੋਂ ਆਪਣੇ ਬੁਨਿਆਦੀ ਅਧਿਕਾਰਾਂ ਦੇ ਸਨਮਾਨ ਬਾਰੇ ਪੁੱਛ ਸਕਦੇ ਹੋ। ਅਗਰ ਤੁਸੀਂ ਟ੍ਰੇਡ ਯੂਨੀਅਨ ਦੇ ਮੈਂਬਰ ਨਹੀਂ ਵੀ ਹੋ ਤਾਂ ਵੀ ਇਹ ਤੁਹਾਡੀ ਮਦਦ ਕਰਦੇ ਹਨ। ਇਸ ਲਈ ਤੁਹਾਨੂੰ ਟ੍ਰੇਡ ਯੂਨੀਅਨ ਦੇ ਮੈਂਬਰ ਬਣਨ ਬਾਰੇ ਸੋਚਣਾ ਚਾਹੀਦਾ ਹੈ, ਕਿਉਂ ਕਿ ਇਹ ਵਰਕਰਾਂ ਦੇ ਅਧਿਕਾਰਾਂ ਦੀ ਸੁਰੱਖਿਆ ਕਰਦੇ ਹਨ।

### 2.1 ਸਮਾਜਕ ਸੇਵਾਂਵਾ

(Servizi Sociali)

ਤੁਸੀਂ ਆਪਣੇ ਪਰਿਵਾਰ ਅਤੇ ਰਿਸ਼ਤੇਦਾਰਾਂ ਦੀਆਂ ਜਰੂਰਤਾਂ ਬਾਰੇ ਗੱਲ ਕਰਨ ਲਈ ਸਮਾਜਕ ਸੇਵਾਵਾਂ **(Servizi Sociali)** ਤੱਕ ਪਹੁੰਚ ਕਰ ਸਕਦੇ ਹੋ। ਇਹ ਤੁਹਾਨੂੰ ਤੁਹਾਡੇ ਸਿਟੀ ਕਾਊਂਸਿਲ ਦੇ ਦਫ਼ਤਰ (Uffici del Comune) ਵਿੱਚ ਸਥਾਨਕ ਤੌਰ 'ਤੇ ਮਿਲ ਸਕਦੀਆਂ ਹਨ। ਤੁਸੀਂ ਰਿਹਾਇਸ, ਸਿੱਖਿਆ, ਇੰਟੀਗ੍ਰੇਸ਼ਨ, ਸਮਾਜਕ ਲੋੜਾਂ ਜਾਂ ਕਿਸੇ ਵੀ ਪ੍ਰਕਾਰ ਦੀ ਸਲਾਹ ਪ੍ਰਾਪਤ ਕਰਨ ਦੇ ਮਾਮਲੇ ਵਿੱਚ ਮਦਦ ਪ੍ਰਪਾਤ ਕਰ ਸਕਦੇ ਹੋ।

## 2.2 ਹੋਰ ਸਮਾਜਕ ਬੋਨਸ ਅਤੇ ਭੱਤੇ

(Other social bonuses and allowances)

### 2.2.1 ਲੰਮੀ ਮਿਆਦ ਦੇ ਨਿਵਾਸੀਆਂ ਲਈ ਬੇਬੀ ਬੋਨਸ



ਇਟਲੀ ਸਰਕਾਰ ਲੰਬੀ ਮਿਆਦ ਦੇ ਰਿਹਾਇਸ਼ੀ ਪਰਮਿਟ ਹੋਲਡਰ ਵਿਦੇਸ਼ੀਆਂ **(Permesso di Soggiorno UE di Lungo Periodo)** ਨੂੰ ਹਰ ਬੱਚੇ ਦੇ ਜਨਮ ਜਾਂ ਅਪਣਾਏ ਜਾਣ ਵਾਲੇ ਬੱਚੇ ਲਈ "ਬੇਬੀ ਬੋਨਸ" ਪ੍ਰਦਾਨ ਕਰਦਾ ਹੈ। ਇਸ ਨੂੰ ਸਮੇਂ-ਸਮੇਂ 'ਤੇ ਸੋਧਿਆ ਜਾਂਦਾ ਹੈ ਅਤੇ ਇਹ ਪੂਰੀ ਤਰ੍ਹਾਂ ਤੁਹਾਡੀ ਆਮਦਨ 'ਤੇ ਅਧਾਰਤ ਹੁੰਦਾ ਹੈ।

ਵਧੇਰੇ ਜਾਣਕਾਰੀ ਪ੍ਰਪਾਤ ਕਰਨ ਲਈ ਆਈ.ਐਨ.ਪੀ.ਐਸ (ਨੈਸ਼ਨਲ ਸੋਸ਼ਲ ਸਿਕਉਰਟੀ ਇੰਸਟੀਚਿਉਟ) ਦੇ ਦਫ਼ਤਰ, ਵੈੱਬਸਾਈਟ **www.inps.it** ਤੋਂ ਜਾਂ ਟੈਕਸ ਸਹਾਇਤਾ ਕੇਂਦਰਾਂ ਵਿੱਚੋਂ ਕਿਸੇ ਇਕ ਨਾਲ Patronati ਜਾਂ ਪੈਨਸ਼ਨ ਸਹਾਇਤਾ ਦਫ਼ਤਰ (ਅਧਿਆਇ 9 ਵੇਖੋ) ਨਾਲ ਸੰਪਰਕ ਕੀਤਾ ਜਾ ਸਕਦਾ ਹੈ।

## 2.2.2 ਪਰਿਵਾਰਕ ਭੱਤਾ

(Assegno al Nucleo Familiare, ANF)

ਹੇਠ ਲਿਖੇ ਵਰਗਾਂ ਨਾਲ ਸੰਬੰਧਿਤ ਲੋਕ ਪਰਿਵਾਰਕ ਭੱਤੇ **(ANF)** ਦੇ ਹੱਕਦਾਰ ਹਨ: ਕਰਮਚਾਰੀ, ਖੇਤੀਬਾੜੀ ਮਜ਼ਦੂਰ, ਪੈਨਸ਼ਨਾਂ ਦੇ ਲਾਭਪਾਤਰੀ, ਘਰੇਲੂ ਕਰਮਚਾਰੀ, (ਸੁਤੰਤਰ ਕਾਮਿਆਂ ਨੂੰ ਸਮਾਜਕ ਸੁਰੱਖਿਆ ਯੋਗਦਾਨ ਅਧੀਨ ਵੱਖਰੇ ਤੌਰ 'ਤੇ ਵਿੱਤੀ ਮਦਦ ਪ੍ਰਦਾਨ ਕੀਤੀ ਜਾਂਦੀ ਹੈ) **Gestione separata** ਆਦਿ।

ਲੰਮੇ ਸਮੇਂ ਤੋਂ ਇਟਲੀ ਵਿੱਚ ਕੰਮ ਕਰਨ ਵਾਲੇ ਵਿਦੇਸ਼ੀ ਨਿਵਾਸੀ, ਵਿਦੇਸ਼ ਵਿੱਚ ਰਹਿੰਦੇ ਆਪਣੇ ਪਰਿਵਾਰਕ ਮੈਂਬਰਾਂ ਸਮੇਤ ਇਸ ਪਰਿਵਾਰਕ ਭੱਤੇ ਦੇ ਹੱਕਦਾਰ ਹਨ| (ਪਰਿਵਾਰਕ ਭੱਤੇ ਦਾ ਹੱਕਦਾਰ ਹੋਣ ਲਈ ਇਟਲੀ ਵਿੱਚ ਰਿਹਾਇਸ਼ ਜ਼ਰੂਰੀ ਨਹੀ) ਸਾਲ 2016-17 ਵਿੱਚ ਇਕ ਘਰ (ਜੋੜਾ ਅਤੇ ਉਨ੍ਹਾਂ ਦੇ 18 ਸਾਲ ਤੋਂ ਘੱਟ ਉਮਰ ਦੇ ਤਿੰਨ ਨਿਰਭਰ ਬੱਚੇ ਜਿਨ੍ਹਾਂ ਦਾ ISEE € 8,555.99ਹੈ) ਦੇ ਔਸਤ ਮਾਸਿਕ ANF ਭੱਤਾ € 141.30 ਸੀ।

ਘਟੋ-ਘੱਟ ਤਿੰਨ ਨਾਬਾਲਗ ਬੱਚਿਆਂ ਵਾਲੇ ਪਰਿਵਾਰ ਨੂੰ ਨਗਰਪਾਲਿਕਾ ਦੁਆਰਾ ਮਨਜ਼ੂਰ ਭੱਤਾ ਦਿੱਤਾ ਜਾਂਦਾ ਹੈ। ਲੰਮੀ ਮਿਆਦ ਵਾਲੇ ਨਿਵਾਸੀ ਅਤੇ ਤੀਜੇ ਦੇਸ਼ ਦੇ ਨਾਗਰਿਕ ਜਿਨ੍ਹਾਂ ਕੋਲ ਘੱਟ ਤੋਂ ਘੱਟ ਤਿੰਨ ਨਾਬਾਲਗ ਬੱਚੇ ਹੋਣ ਅਤੇ ਜਿਨ੍ਹਾਂ ਕੋਲ ਸੀਮਿਤ ਸਾਧਨ ਉਪਲਬਧ ਹਨ ਨੂੰ ਆਈ.ਐਸ.ਈ.ਈ (ISEE) ਦੁਆਰਾ ਤਸਦੀਕ ਆਮਦਨੀ ਵਜੋਂ (ਅਧਿਆਇ 9 ਵੇਖੋ) ਇਸ ਅਲਾਉਂਸ ਦੇ ਯੋਗ ਮੰਨਿਆ ਗਿਆ ਹੈ।

## 2.2.3 ਸਰਵਾਈਵਰ/ਆਸ਼ਰਿਤ ਜਾਂ ਅਪ੍ਰਤੱਖ ਪੈਨਸ਼ਨ

**(Pensione di reversibilità)**

ਸਰਵਾਈਵਰ/ਆਸ਼ਰਿਤ ਜਾਂ ਅਪ੍ਰਤੱਖ ਪੈਨਸ਼ਨ, ਇਟਾਲੀਅਨ ਨੈਸ਼ਨਲ ਸੋਸ਼ਲ ਸਿਕਉਰਟੀ ਇੰਸਟੀਚਿਊਟ (INPS) ਦੁਆਰਾ ਦਿੱਤੀ ਜਾਣ ਵਾਲੀ ਉਹ ਪੈਨਸ਼ਨ ਹੈ; ਜੋ ਉਸ ਵਿਅਕਤੀ ਨੂੰ ਦਿੱਤੀ ਜਾਂਦੀ ਹੈ ਜਿਸ ਦੇ ਜੀਵਨ ਸਾਥੀ ਦੀ ਮੌਤ ਨੌਕਰੀ ਦੌਰਾਨ ਹੋ ਜਾਂਦੀ ਹੈ। ਪਰਿਵਾਰ ਦੇ ਦੂਜੇ ਜਿਉਂਦੇ ਮੈਂਬਰਾਂ ਨੂੰ ਵੀ ਇਸ ਪੈਨਸ਼ਨ ਦੀ ਅਦਾਇਗੀ ਕੀਤੀ ਜਾਂਦੀ ਹੈ।

ਪਰਿਵਾਰ ਦੇ ਦੂਜੇ ਜਿਉਂਦੇ ਮੈਂਬਰਾਂ ਨੂੰ ਵੀ ਸਰਵਾਈਵਰ/ਆਸ੍ਰਿਤ ਜਾਂ ਅਪ੍ਰਤੱਖ ਪੈਨਸ਼ਨ ਦੀ ਅਦਾਇਗੀ ਕੀਤੀ ਜਾਂਦੀ ਹੈ। ਭੁਗਤਾਨਯੋਗ ਰਕਮ ਦੀ ਗਣਨਾ ਜਿਸ ਪੈਂਸ਼ਨ ਲਈ ਮ੍ਰਿਤਕ ਹੱਕਦਾਰ ਹੁੰਦਾ ਹੈ ਦੇ ਅਧਾਰ 'ਤੇ ਜਾਂ ਮ੍ਰਿਤਕ ਨੂੰ ਮੁਹੱਈਆ ਪੈਨਸ਼ਨ ਦੇ ਆਧਾਰ 'ਤੇ ਕੀਤੀ ਜਾਂਦੀ ਹੈ।

## 2.2.4 ਸੋਸ਼ਲ ਕਾਰਡ

Carta Acquisti

Carta Acquisti ਇੱਕ ਆਮ ਡੈਬਿਟ ਕਾਰਡ ਹੈ: ਭਾਵੇਂ ਇਸ ਕਾਰਡ ਲਈ ਕਾਰਡ ਧਾਰਕ ਤੋਂ ਕਿਸੇ ਵੀ ਪ੍ਰਕਾਰ ਦਾ ਖ਼ਰਚਾ ਨਹੀ ਲਿੱਤਾ ਜਾਂਦਾ; ਬਲਕਿ ਰਾਜ, ਖੇਤਰ ਅਤੇ ਨਗਰ ਪਾਲਿਕਾਵਾਂ ਨੂੰ ਲਗਾਇਆ ਜਾਂਦਾ ਹੈ। **Carta Acquisti** ਨੂੰ ਸਾਲ 2008 ਵਿੱਚ ਗ਼ਰੀਬ ਲੋਕਾਂ ਨੂੰ ਭੋਜਨ, ਦਵਾਈਆਂ ਅਤੇ ਬੁਨਿਆਦੀ ਖ਼ਰਚਿਆਂ, ਉਨ੍ਹਾਂ ਦੀ ਉਪਯੋਗਤਾ ਬਿਲ ਦੇ ਭੁਗਤਾਨ ਕਰਨ ਦੇ ਰੂਪ ਵਿੱਚ ਮਦਦ ਕਰਨ ਲਈ ਪੇਸ਼ ਕੀਤਾ ਗਿਆ। ਇਹ ਸੋਸ਼ਲ ਕਾਰਡ 65 ਸਾਲ ਤੋਂ ਵੱਧ ਉਮਰ ਦੇ ਬਜੁਰਗਾਂ ਅਤੇ 3 ਸਾਲ ਤੋਂ ਘੱਟ ਉਮਰ ਦੇ ਯੋਗ ਬੱਚਿਆਂ (ਇਸ ਕੇਸ ਵਿੱਚ,ਕਾਰਡ ਦਾ ਧਾਰਕ ਮਾਪਿਆਂ ਵਿੱਚੋਂ ਕੋਈ ਵੀ ਇਕ ਹੋ ਸਕਦਾ ਹੈ) ਨੂੰ ਦਿੱਤਾ ਜਾਂਦਾ ਹੈ। ਭੱਤੇ ਦੀ ਪ੍ਰਾਪਤੀ 40 ਯੂਰੋ ਪ੍ਰਤੀ ਮਹੀਨਾ ਹੁੰਦੀ ਹੈ।

Carta Acquisti ਦੇ ਸੰਬੰਧ ਵਿੱਚ ਤੁਹਾਡੀ ਸਿਥਤੀ ਬਾਰੇ ਵਧੇਰੇ ਜਾਣਕਾਰੀ ਲਈ ਸੀ.ਏ.ਐਫ਼ ਨਾਲ ਸਬੰਧਤ, ਕਿਸੇ ਪੈਟ੍ਰੋਨਾਟੋ ਨੂੰ ਜਾਂ ਕਿਸੇ ਆਈ.ਐਨ.ਪੀ.ਐਸ ਦਫ਼ਤਰ ਵਿੱਚ ਜਾਂ ਪੋਸਟੇ ਇਟਾਲੀਅਨ ਟੋਲ ਫ੍ਰੀ ਨੰਬਰ 800.666.888 ਜਾਂ ਆਈ.ਐਨ.ਪੀ.ਐਸ ਟੋਲ ਫ੍ਰੀ ਨੰਬਰ 803-164 'ਤੇ ਕਾਲ ਕਰੋ।

## 3. ਰਿਹਾਇਸ

ਤੁਸੀ ਇੱਕ ਘਰ **(Casa)**, ਫਲੈਟ **(Appartamento)**, ਕਮਰਾ **(Camera)** ਜਾਂ ਸ਼ੇਅਰਡ ਰੂਮ (Posto Letto) ਵਿੱਚ ਇੱਕ ਬੈਡ, ਮਹੀਨਾਵਾਰ ਰਕਮ ਦੇ ਵਟਾਂਦਰੇ ਦੇ ਤੌਰ ’ਤੇ ਕਿਰਾਏ ’ਤੇ ਲੈ ਸਕਦੇ ਹੋ। ਪਰ ਇਸਦੇ ਲਈ ਤੁਹਾਨੂੰ ਮਕਾਨ ਮਾਲਕ ਨਾਲ ਆਵਾਸ ਇਕਰਾਰਨਾਮਾ **(Contratto di Affitto)** ਕਰਨਾ ਹੋਵੇਗਾ।

ਇਹ **(Contratto di Affitto)** ਮਕਾਨ ਮਾਲਕ ਦੁਆਰਾ inherent **Ufficio Registro** ਕਾਨੂੰਨੀ ਤੌਰ ’ਤੇ ਰਜਿਸਟਰ ਕੀਤਾ ਜਾਂਦਾ ਹੈ, ਜਿਸ ਦੇ ਰਜਿਸਟਰੀ ਖ਼ਰਚੇ ਵਿੱਚ ਦੋਵੇਂ ਪਾਰਟੀਆਂ ਨੂੰ 50% ਹਿੱਸਾ ਦੇਣਾ ਹੁੰਦਾ ਹੈ।

ਮਕਾਨ ਵਿੱਚ ਦਾਖ਼ਲ ਹੋਣ ਤੋਂ ਪਹਿਲਾਂ, ਬਤੌਰ ਐਡਵਾਂਸ ਦੇ ਤੌਰ ’ਤੇ ਤੁਹਾਨੂੰ ਮਕਾਨ ਮਾਲਕ ਨੂੰ ਤਿੰਨ ਮਹੀਨਿਆਂ ਦਾ ਕਿਰਾਇਆ ਦੇਣਾ ਹੁੰਦਾ ਹੈ- ਇਸ ਤੋਂ ਇਲਾਵਾ ਮੌਜੂਦਾ ਮਹੀਨੇ ਦੇ ਨਾਲ-ਨਾਲ ਦੋ ਹੋਰ ਮਹੀਨਿਆਂ ਦਾ ਪੇਸ਼ਗੀ ਗ੍ਰਾਂਟ ਡਿਪਾਜਿਟ **(Caparra, Deposito)** ਦੇ ਤੌਰ ’ਤੇ ਦੇਣਾ ਹੁੰਦਾ ਹੈ। ਪਰ ਕਈ ਵਾਰ ਮਕਾਨ ਮਾਲਕ ਸਿਰਫ਼ ਇਕ ਮਹੀਨੇ ਦੀ ਜਮਾਂ ਰਾਸ਼ੀ ਪ੍ਰਾਪਤ ਕਰਨ ਲਈ ਵੀ ਰਾਜੀ ਹੋ ਜਾਂਦੇ ਹਨ। ਹਰ ਤਰ੍ਹਾਂ ਦੀਆਂ ਸਾਰੀਆਂ ਰਸੀਦਾਂ, ਜਿਨ੍ਹਾਂ ਵਿੱਚ ਡਿਪਾਜ਼ਿਟ ਦੀ ਰਸੀਦ ਵੀ ਸ਼ਾਮਿਲ ਹੈ, ਨੂੰ ਸੰਭਾਲ ਕੇ ਰੱਖਣਾ ਚਾਹੀਦਾ ਹੈ।

ਕਮਰੇ ਵਿੱਚ ਹੋਣ ਵਾਲੀ ਕਿਸੇ ਵੀ ਪ੍ਰਕਾਰ ਦੀ ਸਮੱਸਿਆ ਦੀਆਂ ਤਸਵੀਰਾਂ ਲੈ ਲੈਣੀਆਂ ਚਾਹੀਦੀਆਂ ਹਨ।

ਮਕਾਨ ਮਾਲਕ ਨੂੰ ਤੁਹਾਡੀ ਫੋਟੋ ਅਤੇ ਤੁਹਾਡੇ ਰਿਹਾਇਸ਼ੀ ਪਰਮਿਟ ਦੀਆਂ ਫੋਟੋਕਾਪੀਆਂ ਦੀ ਜ਼ਰੂਰਤ ਹੁੰਦੀ ਹੈ, ਤਾਂਕਿ ਉਹ ਸਥਾਨਕ ਪੁਲਿਸ ਦਫ਼ਤਰ ਵਿੱਚ ਤੁਹਾਡੀ ਮੌਜੂਦਗੀ ਨੂੰ ਦਰਜ ਕਰਵਾ ਸਕਣ, ਇਸ ਪ੍ਰਕਿਰਿਆ ਨੂੰ **Cessione di Fabbricato** ਕਿਹਾ ਜਾਂਦਾ ਹੈ।

ਪਬਲਿਕ ਹਾਊਸਿੰਗ (**Casa popolare**) ਸਕੀਮ ਇਟਲੀ ਵਿੱਚ ਇਕ ਲੰਮੀ ਪ੍ਰਕਿਰਿਆ ਹੈ, ਪਰ ਲੰਮੇਂ ਸਮੇਂ ਤੋਂ ਇਟਲੀ ਵਿੱਚ ਰਹਿ ਰਹੇ ਵਿਦੇਸ਼ੀ ਨਿਵਾਸੀਆਂ ਦੀ ਇਸ ਤੱਕ ਪਹੁੰਚ ਸੰਭਵ ਹੋ ਸਕਦੀ ਹੈ।

ਪਬਲਿਕ ਹਾਊਸਿੰਗ ਵਿੱਚ ਸ਼ਾਮਲ ਹੋਣ ਲਈ, ਤੁਹਾਡੇ ਨਗਰ ਨਿਗਮ (ਮਿਊਂਸੀਪਲਟੀ) ਵਿੱਚ ਪਬਲਿਕ ਹਾਊਸਿੰਗ **(Bando di Assegnazione Case Popolari)** ਕਾਲ ਦੀ ਪੂਰੀ ਪ੍ਰਕਿਰਿਆ **Servizi Sociali** ਦਫ਼ਤਰ ਦੀ ਮਦਦ ਨਾਲ ਸ਼ੁਰੂ ਕਰਨਾ ਜ਼ਰੂਰੀ ਹੁੰਦਾ ਹੈ।

**'ਪਬਲਿਕ ਹਾਊਸਿੰਗ ਪ੍ਰੋਜੈਕਟ' ਵਿੱਚ ਸ਼ਾਮਲ ਹੋਣ ਲਈ ਤੁਹਾਨੂੰ ਲੋੜ ਹੈ:**

1. ਜਿਸ ਸਥਾਨ ਬਾਰੇ ਤੁਸੀਂ ਪੁੱਛ ਰਹੇ ਹੋ ਉਸ ਸਥਾਨ 'ਤੇ ਕਾਨੂੰਨੀ ਰਿਹਾਇਸ਼ ਜਾਂ ਕੰਮਕਾਜੀ ਗਤੀਵਿਧੀਆਂ ਦਾ ਹੋਣਾ;
2. ਕਿਸੇ ਮਕਾਨ ਜਾਂ ਬਿਲਡਿੰਗ ਆਦਿ ਦਾ ਮਾਲਕ ਨਾ ਹੋਣਾ;
3. ਸਾਲਾਨਾ ਆਮਦਨੀ **(Reddito Annuo)** ਆਈ.ਐਸ.ਈ.ਈ ਦੇ ਕਾਨੂੰਨੀ ਮਾਪਦੰਡਾਂ ਅਧੀਨ ਹੋਣੀ ਚਾਹੀਦੀ ਹੈ। ਇਹ ਕਿਸੇ ਵੀ ਸਥਾਨਕ ਫਿਸਕਲ ਸਹਾਇਤਾ ਕੇਂਦਰ (CAF Centri Assistenza Fiscale) ਵਿਖੇ ਤਸਦੀਕ ਕੀਤੀ ਜਾਵੇਗੀ।

ਐਮਰਜੈਂਸੀ ਸ਼ੈਲਟਰ **(Centri di Accoglienza)** ਅਸਥਾਈ ਤੌਰ 'ਤੇ ਰਹਿਣ ਵਾਲੇ ਕੁਆਰਟਰ ਹਨ, ਜੋ ਹੋਸਟਲ ਵਾਂਗ ਅਸਥਾਈ ਅਤੇ ਅਸਲ ਘਰ ਵਰਗੇ ਨਹੀਂ ਹੁੰਦੇ ਹਨ। ਤੁਸੀਂ ਪਹਿਲਾਂ ਤੋਂ ਪ੍ਰਬੰਧਨ ਨਾਲ ਤੈਅ ਸਮੇਂ ਦੇ ਅੰਦਰ-ਅੰਦਰ ਹੀ ਉੱਥੇ ਰਹਿ ਸਕਦੇ ਹੋ, ਆਮ ਤੌਰ 'ਤੇ ਇਹ ਸਮਾਂ ਛੇ ਮਹੀਨਿਆਂ ਤੋਂ ਵੱਧ ਨਹੀਂ ਹੁੰਦਾ। ਪਰ ਇਹ ਸਿਟੀ ਕੌਂਸਲ ਅਤੇ ਸ਼ੈਲਟਰ ਦੀ ਟਾਈਪੋਲੋਜੀ 'ਤੇ ਨਿਰਭਰ ਕਰਦਾ ਹੈ, ਜੋ ਕਿ ਸਿੰਗਲਜ਼ ਜਾਂ ਪਰਿਵਾਰਾਂ, ਪ੍ਰਵਾਸੀ ਵਰਕਰਾਂ, ਸ਼ਰਨਾਰਥੀਆਂ, ਬੇਘਰਾਂ, ਮੌਸਮੀ ਵਰਕਰ, ਜਾਂ ਹੋਰ ਕਮਜ਼ੋਰ ਸਮੂਹ ਵੀ ਹੋ ਸਕਦਾ ਹੈ।

## 4. ਨੌਕਰੀ ਲੱਭਣਾ



ਕੋਈ ਵੀ ਨੌਕਰੀ ਲੱਭਣ ਲਈ ਤੁਹਾਨੂੰ 'ਸਟੇਟ ਜੋਬ ਸੈਂਟਰ' **(Centro per l'Impiego CPI)** ਨਾਲ ਰਜਿਸਟਰ ਹੋਣਾ ਚਾਹੀਦਾ ਹੈ। ਇਹ ਮੁਫ਼ਤ ਅਤੇ ਸਥਾਨਕ ਪੱਧਰ 'ਤੇ ਕੰਮ ਕਰਦਾ ਹੈ। ਇੱਥੇ ਦਰਜ ਕਰਵਾਉਣ ਲਈ ਤੁਹਾਨੂੰ ਸਿਰਫ਼ ਆਪਣਾ ਪਛਾਣ ਪੱਤਰ, **Permesso di Soggiorno ਅਤੇ Codice Fiscale** ਨੂੰ ਦਿਖਾਉਣਾ ਜ਼ਰੂਰੀ ਹੁੰਦਾ ਹੈ। ਇਸ ਸਾਰੀ ਪ੍ਰਕਿਰਿਆ ਲਈ ਤੁਹਾਡੀ ਉਮਰ ਘੱਟੋ-ਘੱਟ 16 ਸਾਲ ਹੋਣੀ ਚਾਹੀਦੀ ਹੈ।

**Centro per l'Impiego** ਦੇ ਕੇਂਦਰ 'ਤੇ ਤੁਹਾਡੇ ਤੋਂ ਤੁਹਾਡੀ ਪਰੋਫਾਈਲ ਬਾਰੇ ਪੁੱਛਿਆ ਜਾਵੇਗਾ– ਜਿਵੇਂ ਕਿ; ਤੁਹਾਡੀ ਪੜ੍ਹਾਈ ਬਾਰੇ ਇਹ ਪੁੱਛਿਆ ਜਾ ਸਕਦਾ ਹੈ ਕਿ, ਤੁਸੀਂ ਇਟਲੀ ਵਿੱਚ ਜਾਂ ਆਪਣੇ ਮੂਲ ਦੇਸ਼ ਵਿੱਚ ਰਹਿ ਕੇ ਕਿੰਨੇ ਸਾਲ ਦੀ ਸਿੱਖਿਆ ਪ੍ਰਾਪਤ ਕੀਤੀ, ਤੁਸੀਂ ਕਿਸ ਤਰ੍ਹਾਂ ਦਾ ਕੰਮ ਕੀਤਾ ਹੈ ਅਤੇ ਕੀ ਕਰ ਸਕਦੇ ਹੋ? ਤੁਹਾਡਾ ਪੀ.ਸੀ ਸਾਖਰਤਾ ਲੇਵਲ, ਤੁਸੀਂ ਕਿਹੜੀਆਂ ਭਾਸ਼ਾਵਾਂ ਜਾਣਦੇ ਹੋ ਆਦਿ। ਇਹ ਜਾਣਕਾਰਆਂ ਤੁਹਾਡੇ ਨਿੱਜੀ ਕਾਰਡ 'ਤੇ ਦਰਜ਼ ਕੀਤੀ ਜਾਣਗੀਆਂ ਜਿਸ ਨੂੰ ਬਾਅਦ ਵਿੱਚ ਸਿਰਫ਼ ਨੌਕਰੀਆਂ ਦੀ ਅਰਜ਼ੀ ਦੇਣ ਲਈ ਵਰਤਿਆ ਜਾਵੇਗਾ। ਔਰਤਾਂ ਨੂੰ ਵੀ ਇਸ ਪ੍ਰੋਫਾਈਲ ਨੂੰ ਪੂਰਾ ਕਰਨ ਲਈ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ; ਉਹਨਾਂ ਲਈ ਪਾਰਟ-ਟਾਈਮ ਨੌਕਰੀਆਂ ਸਮੇਤ, ਹੋਰ ਬਹੁਤ ਸਾਰੇ ਰੁਜ਼ਗਾਰ ਦੇ ਮੌਕੇ ਹੋ ਸਕਦੇ ਹਨ।

ਕੁਝ ਰੁਜ਼ਗਾਰ ਏਜੰਸੀਆਂ ਕੇਵਲ ਵਿਸ਼ੇਸ਼ ਸ਼੍ਰੇਣੀਆਂ ਦੇ ਲੋਕਾਂ ਲਈ ਖੁੱਲ੍ਹੀਆਂ ਹਨ ਜਿਵੇਂ ਕਿ; ਅੰਡਰ ਗ੍ਰੈਜੁਏਟ ਵਿਦਿਆਰਥੀਆਂ ਜਾਂ ਗ੍ਰੈਜੁਏਟਾਂ ਲਈ, ਅਪੰਗ, ਕਮਜ਼ੋਰ ਵਰਗ ਦੇ ਵਿਅਕਤੀਆਂ **Servizio Inserimento Lavorativo Disabili (SILD) and (categorie protette)** ਅਤੇ ਸਿੰਗਲ ਮਾਵਾਂ, ਅਨਾਥਾਂ ਆਦਿ ਲਈ ਹਨ।

ਸਥਾਨਕ ਅਥੌਰਟੀਜ਼ ਨੌਕਰੀ ਲੱਭਣ ਦੀਆਂ ਵੱਖਰੀਆਂ ਸੇਵਾਵਾਂ ਪ੍ਰਦਾਨ ਕਰਦੀਆਂ ਹਨ, ਜਿਨ੍ਹਾਂ ਨੂੰ **Centri di Orientamento al Lavoro (COL), Informagiovani,** ਨੌਕਰੀ ਲਈ ਦੂਜੀਆਂ ਸੇਵਾਵਾਂ ਕਿਹਾ ਜਾਂਦਾ ਹੈ। ਇਟਲੀ ਵਿੱਚ ਪ੍ਰਾਈਵੇਟ ਭਰਤੀ ਏਜੰਸੀਆਂ ਅਤੇ ਨੌਕਰੀ ਸੈਂਟਰਾਂ 'ਤੇ ਵੀ ਵੱਖ-ਵੱਖ ਨੌਕਰੀਆਂ ਲਈ ਸੰਪਰਕ ਕੀਤਾ ਜਾ ਸਕਦਾ ਹੈ।

ਇਹ ਗੱਲ ਯਾਦ ਰੱਖਣ ਲਾਇਕ ਹੈ ਕਿ 75% ਇਟਾਲੀਅਨ ਲੋਕਾਂ ਨੂੰ ਆਪਣੇ ਪਰਿਵਾਰਾਂ ਅਤੇ ਦੋਸਤਾਂ ਦੀ ਮਦਦ ਨਾਲ ਨੌਕਰੀ ਮਿਲਦੀ ਹੈ। ਨੌਕਰੀ ਲਈ ਸਿਰਫ਼ ਨੌਕਰੀ ਦੇ ਦਫ਼ਤਰਾਂ 'ਤੇ ਨਿਰਭਰ ਨਹੀਂ ਹੋਣਾ ਚਾਹੀਦਾ ਸਗੋਂ ਵਿਅਕਤੀ ਨੂੰ ਖ਼ੁਦ ਨੌਕਰੀ ਲਈ ਸਰਗਰਮੀ ਨਾਲ ਤਲਾਸ਼ ਕਰਨੀ ਚਾਹੀਦੀ ਹੈ।

ਜਦੋਂ ਇਕ ਵਾਰੀ ਤੁਹਾਨੂੰ ਨੌਕਰੀ ਮਿਲ ਜਾਂਦੀ ਹੈ ਤਾਂ ਤੁਸੀ ਹੇਠ ਦਿੱਤੇ ਗਏ ਵੇਰਵਿਆਂ ਨਾਲ ਲਿਖਤੀ ਤੌਰ 'ਤੇ ਕੰਮ ਦੇ ਇਕਰਾਰਨਾਮੇ ਦੇ ਹੱਕਦਾਰ ਬਣ ਜਾਂਦੇ ਹੋ :

- ਤੁਹਾਡਾ ਨਿੱਜੀ ਡਾਟਾ
- ਉਹ ਥਾਂ ਜਿੱਥੇ ਤੁਸੀਂ ਕੰਮ ਕਰਦੇ ਹੋ/ਰੁਜ਼ਗਾਰਦਾਤਾ ਦਾ ਵੇਰਵਾ
- ਰੁਜ਼ਗਾਰ ਸੰਬੰਧਾਂ ਦੀ ਸ਼ੁਰੂਆਤ ਦੀ ਤਾਰੀਖ਼
- ਰੁਜ਼ਗਾਰ ਸੰਬੰਧਾਂ ਦੀ ਲੰਬਾਈ/ਕੰਟਰੈਕਟ
- ਮੁਕੱਦਮੇ ਦੇ ਮਿਆਦ ਦੀ ਲੰਬਾਈ, ਜੇ ਕੋਈ ਹੋਵੇ ਤਾਂ
- ਵਰਕਰ ਦੀ ਪਲੇਸਮੈਂਟ, ਪੱਧਰ ਅਤੇ ਯੋਗਤਾਵਾਂ
- ਤਨਖਾਹ
- ਅਦਾਇਗੀ ਕੀਤੀਆਂ ਗਈਆਂ ਛੁੱਟੀਆਂ ਦਾ ਸਮਾਂ
- ਕੰਮ ਦੇ ਘੰਟੇ
- ਸਮਾਪਤੀ ਦੇ ਮਾਮਲੇ ਵਿੱਚ ਨੋਟਿਸ ਦਾ ਸਮਾਂ

ਚੋਣ ਪੜਾਅ ਦੌਰਾਨ, ਮਾਲਕ ਤੁਹਾਨੂੰ ਰਾਜਨੀਤਿਕ ਜਾਂ ਧਾਰਮਿਕ ਵਿਚਾਰਾਂ ਸੰਬੰਧੀ, ਤੁਹਾਡੀ ਅੰਤਿਮ ਗਰਭਾਵਸਥਾ ਬਾਰੇ, ਜੇ ਤੁਸੀਂ ਐੱਚ.ਆਈ.ਵੀ ਪਾਜ਼ਿਟਿਵ ਹੋ, ਸਿਵਲ ਸਥਿਤੀ ਜਾਂ ਪਰਿਵਾਰਕ ਸਥਿਤੀ ਆਦਿ ਬਾਰੇ ਕਿਸੇ ਵੀ ਪ੍ਰਕਾਰ ਦੇ ਪ੍ਰਸ਼ਨ ਪੁੱਛਣ ਦਾ ਹੱਕਦਾਰ ਨਹੀਂ ਹੁੰਦਾ।

ਯਾਦ ਰੱਖੋ ਕਿ ਇਟਲੀ ਵਿੱਚ ਅਨੁਬੰਧਨ ਦੇ ਹਿਸਾਬ ਨਾਲ ਘੱਟ ਤੋਂ ਘੱਟ ਤਨਖ਼ਾਹ ਦਾ ਪ੍ਰਾਵਧਾਨ ਹੈ। ਇਸ ਲਈ ਤੁਸੀਂ ਕਾਨੂੰਨੀ ਤੌਰ 'ਤੇ ਕੰਮ ਦੇ ਇਕਰਾਰਨਾਮੇ ਅਨੁਸਾਰ (contratto di lavoro) ਘੱਟ ਤੋਂ ਘੱਟ ਅਦਾਇਗੀ ਦੇ ਹੱਕਦਾਰ ਹੁੰਦੇ ਹੋ। ਇਟਲੀ ਵਿੱਚ ਆਮ ਕੰਮ ਕਰਨ ਦੇ ਘੰਟੇ 40 ਘੰਟੇ ਪ੍ਰਤੀ ਹਫ਼ਤਾ ਹੁੰਦੇ ਹਨ ਅਤੇ ਤੁਸੀਂ ਇਹਨਾਂ ਘੰਟਿਆਂ ਤੋਂ ਪਾਰ ਕੰਮ ਲਈ ਓਵਰਟਾਈਮ ਕਰਨ ਦੇ ਹੱਕਦਾਰ ਹੋ।

ਅੰਤਰਰਾਸ਼ਟਰੀ ਵਿਦਿਆਰਥੀ ਹਫ਼ਤੇ ਵਿੱਚ ਵੱਧ ਤੋਂ ਵੱਧ 20 ਘੰਟੇ ਕੰਮ ਕਰ ਸਕਦੇ ਹਨ।

## 4.1 ਇਕਰਾਰਨਾਮੇ ਤੋਂ ਬਿਨਾਂ ਕੰਮ ਕਰਨਾ

ਅਨਿਯਮਤ ਕੰਮ ਜਾਂ ਕਾਲਾ ਧੰਦਾ (ਬਲੈਕ ਵਰਕ) **(Lavoro Irregolare, o Lavoro in Nero)**: ਜੇਕਰ ਤੁਸੀਂ ਰੁਜ਼ਗਾਰ ਦੇ ਇਕਰਾਰਨਾਮੇ ਤੋਂ ਬਗੈਰ ਕੰਮ ਕਰਦੇ ਹੋ ਤਾਂ ਤੁਸੀਂ ਅਨਿਯਮਿਤ ਨੌਕਰੀ ਕਰ ਰਹੇ ਹੋ। ਜਿਸ ਲਈ ਤੁਹਾਨੂੰ ਨਕਦ ਭੁਗਤਾਨ ਕੀਤਾ ਜਾਂਦਾ ਹੈ ਅਤੇ ਤੁਹਾਡੇ ਦੁਆਰਾ ਕੀਤੇ ਕੰਮ ਦੀ ਤੁਹਾਨੂੰ ਕੋਈ ਰਸੀਦ ਨਹੀਂ ਦਿੱਤੀ ਜਾਂਦੀ। ਤੁਹਾਡੇ ਲਈ ਕਿਸ ਵੀ ਟੈਕਸ ਅਤੇ ਬੀਮਾ ਦਾ ਭੁਗਤਾਨ ਵੀ ਨਹੀਂ ਕੀਤਾ ਜਾਂਦਾ। ਅਜਿਹੇ ਸਮੇਂ ਸੰਬੰਧਿਤ ਅਧਿਕਾਰੀਆਂ ਲਈ ਤੁਹਾਡੀ ਸਥਿਤੀ ਬੇਰੁਜ਼ਗਾਰਾਂ ਵਰਗੀ ਹੁੰਦੀ ਹੈ| ਜਿਸ ਕਾਰਣ ਤੁਹਾਨੂੰ ਆਪਣੇ ਰਿਹਾਇਸੀ ਪਰਮਿਟ ਦਾ ਨਵੀਕਰਨ ਕਰਵਾਉਣ ਵਿੱਚ ਕਈ ਪ੍ਰਕਾਰ ਦੀਆਂ ਸਮੱਸਿਆਵਾਂ ਆ ਸਕਦੀਆਂ ਹਨ।

ਕੰਮ ਸਥਾਨ 'ਤੇ ਹੋਣ ਵਾਲੀ ਦੁਰਘਟਨਾ ਦੇ ਮਾਮਲੇ ਵਿੱਚ, ਤੁਹਾਨੂੰ ਹੋਣ ਵਾਲੇ ਨੁਕਸਾਨ ਦੇ ਮੁਆਵਜ਼ੇ ਲਈ ਆਪਣੇ ਮਾਲਕਾਂ 'ਤੇ ਕੇਸ ਕਰਨਾ ਪੈ ਸਕਦਾ ਹੈ, ਕਿਉਂ ਕਿ ਉਹ ਬੀਮਾ ਦੇ ਲਾਜ਼ਮੀ ਹੋਣ ਦੇ ਬਾਵਜੂਦ ਉਸ ਦਾ ਭੁਗਤਾਨ  ਨਹੀਂ ਕਰ ਰਿਹਾ।

ਤੁਹਾਨੂੰ ਤੁਹਾਡੇ ਅਧਿਕਾਰਾਂ ਤੋਂ ਵਾਂਝਾ ਰੱਖਣ ਵਾਲੇ ਕੰਮਾਂ ਦੀ ਸੂਚਨਾ ਜਰੂਰ ਦੇਣੀ ਚਾਹੀਦੀ ਹੈ। ਅਜਿਹੀ ਸਥਿਤੀ ਵਿੱਚ ਤੁਹਾਨੂੰ ਟ੍ਰੇਡ ਯੂਨੀਅਨਾਂ ਦੀ ਮਦਦ ਲੈਣੀ ਚਾਹੀਦੀ ਹੈ, ਜੋ ਕਿ ਤੁਹਾਨੂੰ ਕਿਸੇ  ਵਕੀਲ ਨਾਲ ਮਿਲਵਾ ਸਕਦੇ ਹਨ।

ਤੁਹਾਡੇ ਰੁਜ਼ਗਾਰ ਅਤੇ ਰਹਿਣ ਵਾਲੇ ਪਰਮਿਟ **(Permesso di Soggiorno)** ਨਾਲ ਸੰਬੰਧਿਤ ਸਾਰੇ ਮਾਮਲਿਆਂ ਲਈ, ਤੁਹਾਨੂੰ ਆਪਣੇ ਦੋਸਤਾਂ ਤੋਂ ਟ੍ਰੇਡ ਯੂਨੀਅਨ (Sindacati) ਦੇ ਸਥਾਨਕ ਦਫ਼ਤਰ ਜਾਂ ਵਿਸ਼ੇਸ਼ ਮਜ਼ਦੂਰ ਕਾਨੂੰਨ ਫਰਮ ਬਾਰੇ ਜਾਣਕਾਰੀ ਪ੍ਰਾਪਤ ਕਰਦਿਆਂ ਉਨ੍ਹਾਂ ਨਾਲ ਮੁਲਾਕਾਤ ਲਈ ਸਮਾਂ ਲੈਣਾ ਚਾਹੀਦਾ ਹੈ। ਉਨ੍ਹਾਂ ਨੂੰ ਮਿਲਣ ਸਮੇਂ ਆਪਣੇ ਸਾਰੇ ਦਸਤਾਵੇਜ਼ਾਂ ਆਪਣੇ ਨਾਲ ਲੈ ਕੇ ਜਾਣਾ ਚਾਹੀਦਾ ਹੈ। ਉਹ ਤੁਹਾਡੀ ਸਥਿਤੀ ਨੂੰ ਸਮਝਣ ਅਤੇ ਤੁਹਾਡੇ ਵਿਕਲਪਾਂ ਨੂੰ ਸਮਝਣ ਵਿੱਚ ਤੁਹਾਡੀ ਮਦਦ ਕਰਨਗੇ। ਉਨ੍ਹਾਂ ਕੋਲ ਅਨੁਭਵੀ ਵਕੀਲ ਅਤੇ ਸਮਾਜ ਸੇਵਕ ਹਨ ਜੋ ਤੁਹਾਡੇ ਪੇਪਰ ਵਰਕ, ਤੁਹਾਡੇ ਅਧਿਕਾਰਾਂ ਅਤੇ ਨਿਆਂ ਪ੍ਰਕਿਰਿਆਵਾਂ ਨੂੰ ਸਮਝਾਉਣ ਵਿੱਚ ਤੁਹਾਡੀ ਮਦਦ ਕਰਨ ਦੇ ਯੋਗ ਹਨ।

ਆਪਣੇ ਕੰਮ ਦੀ ਵੈਧਤਾ ਬਾਰੇ, ਤੁਸੀਂ ਕਿੰਨੇ ਘੰਟੇ ਕੰਮ ਕਰਦੇ ਹੋ, ਕੀ ਕਰਨ ਲਈ ਕਿੰਨੀ ਤਨਖਾਹ ਦਿੱਤੀ ਜਾਂਦੀ ਹੈ, ਤੁਸੀਂ ਉੱਥੇ ਕਿੰਨਾ ਸਮਾਂ ਕੰਮ ਕੀਤਾ ਹੈ, ਤੁਹਾਡੇ ਸਬੂਤ ਅਤੇ ਗਵਾਹ ਕੀ ਹਨ? ਆਦਿ ਬਾਰੇ ਟ੍ਰੇਡ ਯੂਨੀਅਨਾਂ ਨਾਲ ਗੱਲਬਾਤ ਕਰਨੀ ਚਾਹੀਦੀ ਹੈ। ਜੇਕਰ ਹੋਰ ਕਰਮਚਾਰੀ ਵੀ ਤੁਹਾਡੇ ਵਾਂਗ ਕੰਮ ਸਥਾਨ 'ਤੇ ਬਦਸਲੂਕੀ ਦੇ ਸ਼ਿਕਾਰ ਹੋਏ ਹਨ ਅਤੇ ਜੇ ਉਨ੍ਹਾਂ ਨਾਲ ਵੀ ਸੰਪਰਕ ਕਰਨਾ ਸੰਭਵ ਹੈ ਤਾਂ ਤੁਸੀਂ ਟਰੇਡ ਯੂਨੀਅਨਾਂ ਨਾਲ ਇਸ ਬਾਰੇ ਫੈਸਲਾ ਕਰ ਸਕਦੇ ਹੋ ਕਿ ਕੀ ਇਹ ਤੁਹਾਡੇ ਮਾਲਕ ਦੇ ਖ਼ਿਲਾਫ਼ ਇਕਜੁੱਟਤਾ ਨਾਲ ਲੜਨ ਦਾ ਕੇਸ ਬਣਦਾ ਹੈ।

ਯੂਨੀਅਨ ਇਕ ਲੇਬਰ ਡਿਸਪਿਊਟ **(Vertenza Lavorativa)** ਸ਼ੁਰੂ ਕਰ ਸਕਦੀ ਹੈ ਜੋ ਤੁਹਾਡੇ ਪੈਸੇ ਦੀ ਪੂਰੀ ਅਦਾਇਗੀ ਦੀ ਅਗਵਾਈ ਕਰ ਸਕਦਾ ਹੈ ਜਾਂ ਜੇ ਮਾਲਕ ਆਪਸੀ ਸਹਿਮਤੀ ਤੋਂ ਇਨਕਾਰ ਕਰਦਾ ਹੈ ਤਾਂ

ਯੂਨੀਅਨ ਮਾਲਕ ਨੂੰ ਅਦਾਲਤ ਵਿੱਚ ਲੈ ਜਾ ਸਕਦੀ ਹੈ। ਜਿੱਥੇ ਜੱਜ ਤੁਹਾਡੇ ਮਾਲਕ ਦੇ ਵਿਰੁੱਧ ਸਖ਼ਤ ਪੈਨਲਟੀ ਲਾਗੂ ਕਰਨ ਦਾ ਫੈਸਲਾ ਦੇ ਸਕਦਾ ਹੈ। ਜੋ ਸਿਰਫ਼ ਤੁਹਾਨੂੰ ਹੀ ਅਦਾ ਨਹੀਂ ਹੋਵੇਗੀ, ਸਗੋਂ ਟੈਕਸਾਂ ਦੇ ਅਪਰਾਧਾਂ ਕਰਕੇ ਰਾਜ ਨੂੰ ਵੀ ਅਦਾਇਗੀ ਦੇ ਰੂਪ ਵਿੱਚ ਦਿੱਤੀ ਜਾਵੇਗੀ।

ਇਟਲੀ ਵਿੱਚ ਹਰ ਸਾਲ, ਬਹੁਤ ਸਾਰੇ ਅਨਿਯਮਿਤ ਪਰਵਾਸੀਆਂ ਨੂੰ ਮਾਈਗ੍ਰੇਸ਼ਨ ਕਾਨੂੰਨ 286/1998 ਦੇ ਆਰਟੀਕਲ 13 ਅਤੇ 18 ਦੇ ਅਧੀਨ; ਅਧਿਕਾਰੀਆਂ ਦੇ ਸਹਿਯੋਗ  ਨਾਲ ਸ਼ੋਸ਼ਣ, ਹਿੰਸਾ, ਗੁਲਾਮੀ ਅਤੇ ਮੱਧ-ਗੁਲਾਮੀ ਦੇ ਖਿਲਾਫ਼ ਲੜਾਈ ਦੇ ਅਧਿਕਾਰ ਦਿੱਤੇ ਗਏ ਹਨ ਤਾਂਕਿ ਉਹ ਰਿਹਾਇਸੀ ਪਰਮਿਟ ਪ੍ਰਾਪਤ ਕਰ ਸਕਣ। ਟਰੇਡ ਯੂਨੀਅਨਾਂ ਅਤੇ ਪੁਲਿਸ ਦੀ ਮਦਦ ਨਾਲ ਉਹ ਆਪਣੇ ਸ਼ੋਸ਼ਣ ਕਰਤਾ ਨੂੰ ਅਦਾਲਤ ਵਿੱਚ ਲੈਂ ਜਾਂਦੇ ਹਨ, ਇਸ ਤਰ੍ਹਾਂ ਉਹ ਰਾਜ ਦੁਆਰਾ ਸੁਰੱਖਿਆ ਪ੍ਰਪਾਤ ਕਰ ਸਕਦੇ ਹਨ।

ਸਾਲ 2017 ਵਿੱਚ ਪ੍ਰਵਾਸੀ ਵਰਕਰਾਂ ਖ਼ਾਸ ਤੌਰ ’ਤੇ ਖੇਤੀਬਾੜੀ ਅਤੇ ਮੌਸਮੀ ਨੌਕਰੀਆਂ ਵਿੱਚ ਗੈਰ ਕਾਨੂੰਨੀ ਭਰਤੀ **(Caporalato)** ’ਤੇ ਇੱਕ ਨਵਾਂ ਕਾਨੂੰਨ (ਆਰਟ. 603 ਬੀ.ਆਈ.ਐਸ, ਸੀ.ਪੀ.) ਆਇਆ ਜੋ ਕਈ ਅਨਿਯਮਿਤ ਪ੍ਰਵਾਸੀ ਮਜ਼ਦੂਰਾਂ ਨੂੰ ਰੈਗੂਲਰ ਕਰਣ ਦੀ ਇਜਾਜ਼ਤ ਦਿੰਦਾ ਹੈ। ਜਦੋਂ ਕਿ ਗ਼ੈਰਕਾਨੂੰਨੀ ਭਰਤੀ ਕਰਨ ਵਾਲਿਆਂ **(Caporalato)** ਨੂੰ ਅਦਾਲਤ ਵਿੱਚ ਖਿਚਿਆ ਜਾਂਦਾ ਹੈ।

## 5. ਸਿਹਤ ਸੇਵਾਵਾਂ

ਸਿਹਤ ਪ੍ਣਾਲੀ – ਇਟਲੀ ਦੇ ਹਰੇਕ ਨਿਵਾਸੀ ਨੂੰ ਨੈਸ਼ਨਲ ਹੈਲਥ ਸਿਸਟਮ **(Servizio Sanitario Nazionale SSN)** ਲਈ ਰਜਿਸਟਰਡ ਹੋਣਾ ਲਾਜ਼ਮੀ ਹੈ, ਜਿਸ ਵਿੱਚ ਉਹ ਵਿਦੇਸ਼ੀ ਨਾਗਰਿਕ ਵੀ ਸ਼ਾਮਲ ਹਨ, ਜਿਨ੍ਹਾਂ ਕੋਲ ਰਿਹਾਇਸੀ ਪਰਮਿਟ ਹੈ।

ਐਸ.ਐਸ.ਐਨ ਨਾਲ ਰਜਿਸਟਰਡ ਕੋਈ ਵਿਦੇਸ਼ੀ ਨਾਗਰਿਕ, ਇਟਲੀ ਵਿੱਚ ਰੇਗੂਲਰ ਤੌਰ 'ਤੇ ਰਹਿਣ ਵਾਲੇ ਉਨ੍ਹਾਂ ਦੇ ਪਰਿਵਾਰ ਦੇ ਮੈਂਬਰ ਜਿਸ ਵਿੱਚ ਉਸ ਦੇ ਮਾਪੇ ਵੀ ਸ਼ਾਮਿਲ ਹਨ, ਜਿਨ੍ਹਾਂ ਦੀ ਉਮਰ 65 ਸਾਲ ਤੋਂ ਵੱਧ ਨਹੀਂ ਹੈ ਨੂੰ ਕਿਸੇ ਵੀ ਤਰ੍ਹਾਂ ਦੀਆਂ ਸਿਹਤ ਸੇਵਾਵਾਂ ਮੁਹੱਈਆ ਕਰਾਈਆਂ ਜਾਂਦੀਆਂ ਹਨ। 65 ਸਾਲ ਤੋਂ ਵੱਧ ਦੇ ਮਾਪਿਆਂ ਲਈ, ਪਰਿਵਾਰਿਕ ਪੁਨਰ-ਸਥਾਪਤੀ ਦੀ ਅਰਜ਼ੀ ਦੇਣ ਵਾਲੇ ਸਪੌਂਸਰ ਨੂੰ ਐਸ.ਐਸ.ਐਨ ਵਿੱਚ ਸਵੈ-ਇੱਛਤ ਰਜਿਸਟਰੇਸ਼ਨ ਕਰਾਉਣੀ ਚਾਹੀਦੀ ਹੈ ਜਾਂ ਇਟਲੀ ਖੇਤਰ ਵਿੱਚ ਹਰ ਪ੍ਕਾਰ ਦੇ ਜੋਖ਼ਮਾਂ ਨੂੰ ਪੂਰਾ ਕਰਨ ਵਾਲਾ ਮਹਿੰਗਾ ਪ੍ਾਈਵੇਟ ਸਿਹਤ ਬੀਮਾ ਦਿਖਾਉਣਾ ਚਾਹੀਦਾ ਹੈ।

ਇਸ ਸੇਵਾ ਲਈ ਰਜਿਸਟਰੇਸ਼ਨ ਰਿਹਾਇਸ਼ੀ/ਰਹਿਣ ਦੇ ਖੇਤਰ ਵਾਲੇ ਸਥਾਨਕ ਸੈਨੇਟਰੀ ਯੂਨਿਟ **(Azienda Sanitaria Locale, ASL)** ਦੇ ਦਫ਼ਤਰ ਵਿੱਚ ਕੀਤੀ ਜਾਂਦੀ ਹੈ।

ਐਸ.ਐਸ.ਐਨ ਨਾਲ ਰਜਿਸਟਰ ਕਰਵਾਉਣ ਤੋਂ ਬਾਅਦ, ਇਟਲੀ ਵਿੱਚ ਰਹਿਣ ਵਾਲਾ ਕੋਈ ਵੀ ਵਿਦੇਸ਼ੀ ਨਾਗਰਿਕ ਜਿਸ ਕੋਲ ਜਾਇਜ਼ ਰਿਹਾਇਸ਼ੀ ਪਰਮਿਟ ਹੈ, ਸਿਹਤ ਸੰਭਾਲ ਦੇ ਸੰਬੰਧ ਵਿੱਚ ਇਟਲੀ ਦੇ ਨਾਗਰਿਕਾਂ ਦੇ ਬਰਾਬਰ ਇਲਾਜ ਦਾ ਹੱਕਦਾਰ ਹੋ ਜਾਂਦਾ ਹੈ।

### 5.1 ਪਰਿਵਾਰ ਦੇ ਮੈਂਬਰਾਂ ਲਈ ਸਿਹਤ ਸੰਭਾਲ ਦੀ ਗਾਰੰਟੀ

ਹੈਲਥ ਕਾਰਡ **(Tessera Sanitaria)** ਇੱਕ ਸਿਹਤ ਬੀਮਾ ਕਾਰਡ ਹੈ ਜੋ ਸਿਹਤ ਸੇਵਾਵਾਂ ਨੂੰ ਪ੍ਾਪਤ ਕਰਨ ਲਈ ਜ਼ਰੂਰੀ ਹੈ। ਇਹ ਕਾਰਡ ਪੂਰੇ ਇਟਲੀ ਵਿੱਚ ਪ੍ਮਾਣਿਕ ਹੁੰਦਾ ਹੈ। ਇਸ ਤੋਂ ਇਲਾਵ ਇਹ ਬਾਕੀ ਯੂਰਪੀਅਨ ਯੂਨੀਅਨ ਵਿੱਚ ਵੀ ਸਿਹਤ ਸੇਵਾਵਾਂ ਤੱਕ ਪਹੁੰਚ ਲਈ ਵੈਧ ਹੈ।




ਫੋਟੋ: ਹੈਲਥ ਕਾਰਡ (Tessera sanitaria)

ਇਸ ਦੀ ਅਵਧੀ ਤੁਹਾਡੇ ਰਿਹਾਇਸੀ ਪਰਮਿਟ ਦੇ ਬਰਾਬਰ ਹੀ ਹੁੰਦੀ ਹੈ।

ਆਪਣੇ ਸਿਹਤ ਬੀਮਾ ਕਾਰਡ ਨੂੰ ਰੀਨਿਊ ਕਰਵਾਉਣ ਲਈ, ਤੁਹਾਨੂੰ ਆਪਣੇ ਏ.ਐਸ.ਐਲ ਨਾਲ ਸੰਪਰਕ ਕਰਨਾ ਚਾਹੀਦਾ ਹੈ, ਨਵੇਂ ਰਿਹਾਇਸੀ ਪਰਮਿਟ ਜਾਂ **Permesso di Soggiorno** ਦੇ ਨਵੀਨੀਕਰਣ ਲਈ ਅਰਜ਼ੀ ਦਿੰਦੇ ਸਮੇਂ ਜਮਾ ਕਰਵਾਏ ਗਾਏ ਦਸਤਾਵੇਜ਼ਾਂ ਨੂੰ ਪੇਸ਼ ਕਰਨਾ ਹੁੰਦਾ ਹੈ।

## 5.2 ਐਸ.ਟੀ.ਪੀ ਕੋਡ (Straniero Temporaneamente Presente STP):

ਇਕ ਐਸ.ਟੀ.ਪੀ ਸ਼ਨਾਖਤੀ ਕੋਡ **(Straniero Temporaneamente Presente STP)** ਹੁੰਦਾ ਹੈ ਜੋ ਕਿ ਉਨ੍ਹਾਂ ਵਿਦੇਸ਼ੀ ਨਾਗਰਿਕਾਂ ਨੂੰ ਦਿੱਤਾ ਜਾਂਦਾ ਹੈ ਜੋ ਕਾਨੂੰਨੀ ਜਾਂ ਗ਼ੈਰ-ਕਾਨੂੰਨੀ ਤੌਰ 'ਤੇ ਅਸਥਾਈ ਰੂਪ 'ਚ ਇਟਲੀ ਵਿੱਚ ਮੌਜੂਦ ਹਨ ਅਤੇ ਇਹ ਲੋਕ ਰਾਸ਼ਟਰੀ ਸਿਹਤ ਸੇਵਾਵਾਂ **(Servizio Sanitario Nazionale SSN)** ਨਾਲ ਰਜਿਸਟਰਡ ਨਹੀ ਹਨ। ਅਗਰ ਕੋਈ ਵਿਦੇਸ਼ੀ ਨਾਗਰਿਕ ਸਪਸ਼ਟ ਰੂਪ ਵਿੱਚ ਇਸ ਪ੍ਰਕਾਰ ਦੇ ਕੋਡ ਲਈ ਬੇਨਤੀ ਕਰਦੇ ਹਨ ਤਾਂ ਉਸ ਨੂੰ ਇਹ ਕੋਡ ਦੇ ਦਿੱਤਾ ਜਾਂਦਾ ਹੈ। ਇੱਕ ਐਸਟੀਪੀ ਕੋਡ 6 ਮਹੀਨਿਆਂ ਲਈ ਪ੍ਰਮਾਣਕ ਅਤੇ ਨਵੀਨੀਕਰਨ ਯੋਗ ਹੁੰਦਾ ਹੈ।

ਐਸ.ਟੀ.ਪੀ ਕੋਡ, ਜਿੱਥੇ ਬਿਨੈਕਾਰ ਰਹਿ ਰਿਹਾ ਹੋਵੇ, ਉੱਥੇ ਦੇ ਏ.ਐਸ.ਐਲ, ਆਈ.ਆਰ.ਸੀ.ਸੀ.ਐਸ (ਦਾਖ਼ਲੇ ਅਤੇ ਇਲਾਜ ਲਈ ਵਿਗਿਆਨਕ ਸੰਸਥਾ) ਜਾਂ ਯੂਨੀਵਰਸਿਟੀ ਹਸਪਤਾਲ ਦੁਆਰਾ ਜਾਰੀ ਕੀਤਾ ਜਾਂਦਾ ਹੈ।

ਐਸ.ਟੀ.ਪੀ ਕੋਡ ਧਾਰਕ ਨੂੰ ਬੀਮਾਰੀ ਅਤੇ ਦੁਰਘਟਨਾ ਦੇ ਮਾਮਲੇ ਵਿੱਚ ਮਾਨਤਾ ਪ੍ਰਾਪਤ ਸਹੂਲਤਾਂ ਦੇ ਅੰਤਰਗਤ ਅਤਿ-ਜ਼ਰੂਰੀ ਜਾਂ ਆਊਟਪੇਸ਼ੈਂਟ ਦੇ ਰੂਪ ਵਿੱਚ ਹਰ ਪ੍ਰਕਾਰ ਦੀਆਂ ਦੇਖਭਾਲ ਅਤੇ ਸਹੂਲਤਾਂ ਪ੍ਰਾਪਤ ਹੁੰਦੀਆਂ ਹਨ।

ਐਸ.ਟੀ.ਪੀ ਕੋਡ ਪ੍ਰਾਪਤ ਕਰਨ ਲਈ ਤੁਹਾਨੂੰ ਕਿਸੇ ਪਛਾਣ ਵਾਲੇ ਦਸਤਾਵੇਜ਼ ਨੂੰ ਦਿਖਾਉਣ ਦੀ ਜ਼ਰੂਰਤ ਨਹੀਂ ਹੁੰਦੀ। ਐਸਟੀਪੀ 'ਤੇ ਰਿਕਾਰਡ ਕੀਤੇ ਗਏ ਡੇਟਾ ਨੂੰ ਹਮੇਸ਼ਾ ਗੁਪਤ ਰੱਖਿਆ ਜਾਂਦਾ ਹੈ ਅਤੇ ਜਦੋਂ ਤੱਕ ਅਪਰਾਧਕ ਕਾਰਣਾਂ ਕਰਕੇ ਕਿਸੇ ਸਰਕਾਰੀ ਵਕੀਲ ਦੁਆਰਾ ਲਿਖਤੀ ਬੇਨਤੀ ਨਹੀਂ ਕੀਤੀ ਜਾਂਦੀ ਤਾਂ ਤੱਕ ਐਸ.ਟੀ.ਪੀ ਕੋਡ ਨੂੰ ਉਸ ਦੇ ਧਾਰਕ ਦੀ ਰਿਟ੍ਰੈਸਿੰਗ ਲਈ ਵਰਤਿਆ ਨਹੀਂ ਜਾਂਦਾ।

## 5.3 ਸਥਾਨਕ ਸੈਨੀਟਰੀ ਯੂਨਟਿ (Azienda Sanitaria Locale or ASL)

**ਤੁਹਾਨੂੰ ਆਪਣੇ ਏ.ਐਸ.ਐਲ ਦਾ ਹਵਾਲਾ ਦੇਣਾ ਚਾਹੀਦਾ ਹੈ:**

- ਆਪਣੇ ਫੈਮਲੀ ਡਾਕਟਰ **(Medico di Famiglia)** ਅਤੇ ਤੁਹਾਡੇ ਬੱਚਿਆਂ ਦੇ ਡਾਕਟਰ **(Pediatra)** ਦੀ ਚੋਣ ਲਈ
- ਡਾਕਟਰੀ ਸਰਟੀਫਿਕੇਟ **(Certificati Medici)** ਪ੍ਰਾਪਤ ਕਰਨ, ਦਵਾਈਆਂ ਦੀ ਤਜਵੀਜ਼ ਲਈ **(Ricette)**, ਜਾਂ ਟੈਸਟਾਂ **(Analisi)** ਲਈ ਬੇਨਤੀ **(Richieste)**, ਮੈਡੀਕਲ ਚੈੱਕਅਪ **(Esami Medici)** ਅਤੇ ਸਪੈਸ਼ਲਿਸਟ **(Visite Specialistiche)** ਕੋਲ ਜਾਣ ਲਈ
- ਡਾਕਟਰ ਕੋਲ ਨਾ ਜਾਣ ਦੀ ਸਥਿਤੀ ਵਿੱਚ ਡਾਕਟਰ ਨੂੰ ਘਰ ਬੁਲਾਉਣ **(Visita Domiciliare)** ਦੀ ਬੇਨਤੀ ਲਈ
- ਜਰੂਰੀ ਟੀਕਾਕਰਣ ਲਈ **(Vaccinazione Obbligatoria)** ।

### ਹੋਰ ਸੇਵਾਵਾਂ ਜਿਵੇਂ ਕਿ: v

ਐਸ.ਐਸ.ਐਨ ਕਾਰਡ ਦੁਆਰਾ ਪਰਿਵਾਰ ਨਿਯੋਜਨ ਕੇਂਦਰ **(Consultorio Familiare)**, ਮੈਟਰਨਟੀ ਕੇਅਰ **(Cure per la Maternità)**, ਬੱਚਿਆਂ ਦੇ ਟੀਕਾਕਰਣ ਲਈ **(Vaccinazioni per i Bambini)**, ਗਰਭ ਅਵਸਥਾ ਦੀ ਸਵੈ-ਇੱਛਤ ਸਮਾਪਤੀ **(Interruzione Volontaria della Gravidanza IVG)**, ਫਾਰਮਾਸਿਊਟੀਕਲ ਅਸਿਸਟੈਂਸ **(Assistenza Farmaceutica)** ਆਦਿ ਤੱਕ ਪਹੁੰਚ ਕੀਤੀ ਜਾ ਸਕਦੀ ਹੈ। ਕਿਸੇ ਵੀ ਪ੍ਰਕਾਰ ਦੀ ਮਦਦ ਦੀ ਸਥਿਤੀ ਵਿੱਚ ਤੁਸੀ ਏ.ਐਸ.ਐਲ ਨਾਲ ਸੰਪਰਕ ਕਰ ਸਕਦੇ ਹੋ ਜੋ ਤੁਹਾਨੂੰ ਇਹਨਾਂ ਸੇਵਾਵਾਂ ਬਾਰੇ ਸਹੀ ਨਿਰਦੇਸ਼/ਸੇਧ ਪ੍ਰਦਾਨ ਕਰ ਸਕਦੇ ਹਨ।

## 5.4 ਮੁਢੱਲੀ ਡਾਕਟਰੀ ਸਹਾਇਤਾ

### Guardia Medica and Pronto Soccorso

**Guardia Medica** ਇੱਕ ਅਜਿਹੀ ਐਮਰਜੈਂਸੀ ਮੈਡੀਕਲ ਸੇਵਾ ਹੈ ਜੋ ਤੁਹਾਡੇ ਘਰ ਵਿੱਚ ਹੀ ਉਪਲਬਧ ਹੁੰਦੀ ਹੈ। ਰਾਤ ਵੇਲੇ ਜਾਂ ਗੈਰ-ਕਾਰਜਕਾਰੀ ਦਿਨ ਗੰਭੀਰ ਐਮਰਜੈਂਸੀ ਦੀ ਸਥਿਤੀ ਵਿੱਚ, ਜਦੋਂ ਜਨਰਲ ਪ੍ਰੈਕਟੀਸ਼ਨਰ ਜਾਂ ਪੀਡੀਆਟ੍ਰੀਸ਼ਿਨ ਨਾਲ ਸੰਪਰਕ ਨਹੀਂ ਪਾਉਂਦਾ, ਤਾਂ ਤੁਸੀਂ ਇਸ ਸੇਵਾ ਲਈ ਬੇਨਤੀ ਕਰ ਸਕਦੇ ਹੋ। ਪਰ ਦੁਰਘਟਨਾਵਾਂ ਅਤੇ ਹੋਰ ਐਮਰਜੈਂਸੀਆਂ ਦੇ ਮਾਮਲੇ ਵਿੱਚ ਤੁਸੀ 118 ਨੰਬਰ 'ਤੇ ਫੋਨ ਕਰਕੇ ਐਂਬੂਲੈਂਸ ਨੂੰ ਬੁਲਾ ਸਕਦੇ ਹੋ, ਜੋ ਤੁਹਾਨੂੰ ਨਜ਼ਦੀਕੀ ਹਸਪਤਾਲ ਵਿੱਚ ਮੁਢੱਲੀ ਡਾਕਟਰੀ ਸਹਾਇਤਾ ਲਈ ਲੈ ਜਾਵੇਗੀ।



## 5.5 ਔਰਤਾਂ ਵਿਰੁੱਧ ਹਿੰਸਾ ਲਈ ਸਹਾਇਤਾ

ਇਟਲੀ ਵਿੱਚ ਔਰਤਾਂ ਵਿਰੁੱਧ ਹਿੰਸਾ ਨੂੰ ਗੰਭੀਰ ਅਪਰਾਧ ਮੰਨਿਆ ਜਾਂਦਾ ਹੈ। ਜਿਸ ਵਿੱਚ ਘਰੇਲੂ ਹਿੰਸਾ ਸਮੇਤ ਪਰਿਵਾਰਕ ਬਦਸਲੂਕੀ ਅਤੇ ਦੁਰਵਿਹਾਰ, ਸੱਟ, ਜਿਨਸੀ ਹਿੰਸਾ, ਪਿੱਛਾ ਕਰਨਾ, ਫੜਨਾ, ਟ੍ਰੈਫਿਕਿੰਗ ਆਦਿ ਸ਼ਾਮਿਲ ਹਨ।

ਭਾਰਤੀ ਔਰਤਾਂ ਜੋ ਆਪਣੇ ਸਾਥੀ ਨਾਲ ਇਟਲੀ ਵਿੱਚ ਰਹਿਣ ਲਈ ਆਈਆਂ ਹੋਈਆਂ ਹਨ, ਅਗਰ ਉਨ੍ਹਾਂ 'ਤੇ ਕਿਸੇ ਵੀ ਪ੍ਰਕਾਰ ਦੀ ਹਿੰਸਾ ਹੁੰਦੀ ਹੈ ਤਾਂ ਉਹ ਸਹਾਇਤਾ ਦੀ ਮੰਗ ਕਰ ਸਕਦੀਆਂ ਹਨ। ਸਥਾਨਕ ਤੌਰ 'ਤੇ ਪੀੜਤਾਂ ਲਈ ਮੁਫ਼ਤ ਕਾਨੂੰਨੀ ਅਤੇ ਮਨੋਵਿਗਿਆਨਕ ਸਲਾਹ ਉਪਲਬਧ ਹੈ। ਇਸ ਪ੍ਰਕਾਰ ਦੀਆਂ ਔਰਤਾਂ ਲਈ ਆਸਰਾ-ਘਰ (ਉਪਲਬਧ ਸਰੋਤਾਂ 'ਤੇ ਨਿਰਭਰ ਕਰਦਾ ਹੈ) ਵੀ ਉਪਲਬਧ ਹਨ। ਐਂਟੀ-ਹਿੰਸਾ ਮੁਫ਼ਤ ਹੈਲਪਲਾਈਨ 24/7 (1522) ਨੰਬਰ 'ਤੇ ਉਪਲਬਧ ਹੈ। ਪੀੜਿਤ ਨੂੰ ਹਾਲ ਵਿੱਚ ਹੀ ਹੋਏ ਅਪਮਾਨਜਨਕ ਵਿਹਾਰ ਦੇ ਛੇ ਮਹੀਨਿਆਂ ਦੇ ਅੰਦਰ-ਅੰਦਰ ਪੁਲਿਸ ਕਾਰਬੈਨਰੈਰੀ (Police Cara Binieri) ਵਿੱਚ ਆਪਣੀ ਸ਼ਿਕਾਇਤ ਦਰਜ ਕਰਾਉਣੀ ਹੁੰਦੀ ਹੈ।

ਭਾਰਤੀ ਔਰਤਾਂ ਜੋ ਘਰੇਲੂ ਹਿੰਸਾ ਦੀਆਂ ਸ਼ਿਕਾਰ ਹਨ ਕੋਲ ਹੋਰ ਵਿਦੇਸ਼ੀ ਔਰਤਾਂ, ਜੋ ਪਰਿਵਾਰਕ ਹਿੰਸਾ ਤੋਂ ਪੀੜਿਤ ਹਨ ਵਾਂਗ ਰਹਿਣ ਦਾ ਪਰਮਿਟ ਹੈ।

ਜੇਕਰ ਤੁਸੀ ਭਾਰਤੀ ਔਰਤ ਹੋ ਅਤੇ ਤੁਹਾਨੂੰ ਤੁਹਾਡੇ ਪਤੀ ਦੁਆਰਾ ਛੱਡ ਦਿੱਤਾ ਗਿਆ ਹੈ ਤਾਂ ਤੁਹਾਡੇ ਕੋਲ ਭਾਰਤ ਸਰਕਾਰ ਤੋਂ ਵਿੱਤੀ ਅਤੇ ਕਾਨੂੰਨੀ ਸਹਾਇਤਾ ਪ੍ਰਪਾਤ ਕਰਨ ਦਾ ਹੱਕ ਹੈ। ਜ਼ਿਆਦਾ ਜਾਣਕਾਰੀ ਪ੍ਰਾਪਤ ਕਰਨ ਲਈ ਕ੍ਰਿਪਾ ਕਰਕੇ ਭਾਰਤੀ ਦੂਤਾਵਾਸ ਨਾਲ ਸੰਪਰਕ ਕਰ ਸਕਦੇ ਹੋ।

5.6 ਜੇ ਤੁਸੀ ਵਿਆਹੁਤਾ (ਗੈਰ-ਨਿਵਾਸੀ ਭਾਰਤੀਆਂ ਲਈ ਨਵਾਂ ਭਾਰਤੀ ਕਾਨੂੰਨ) ਹੋ ਤਾਂ ਭਾਰਤੀ ਕਾਨੂੰਨ ਅਨੁਸਾਰ, ਤੁਹਾਨੂੰ ਭਾਰਤ ਜਾਂ ਵਿਦੇਸ਼ ਵਿੱਚ ਵਿਆਹ ਦੇ ਤੀਹ ਦਿਨਾਂ ਦੇ ਅੰਦਰ-ਅੰਦਰ ਆਪਣੇ ਵਿਆਹ ਨੂੰ ਰਜਿਸਟਰ ਕਰਾਉਣਾ ਲਾਜ਼ਮੀ ਹੈ। ਜੇ ਤੁਸੀ ਆਪਣਾ ਵਿਆਹ ਰਜਿਸਟਰ ਨਹੀ ਕੀਤਾ ਤਾਂ ਦੂਤਾਵਾਸ ਤੁਹਾਡੇ ਪਾਸਪੋਰਟ ਨੂੰ ਜ਼ਬਤ ਜਾਂ ਰੱਦ ਕਰ ਸਕਦਾ ਹੈ।

ਜੇ ਤੁਹਾਡੇ ਜੀਵਨ ਸਾਥੀ ਦੁਆਰਾ ਕੋਈ ਕੇਸ ਦਰਜ ਹੈ, ਤਾਂ ਅਜਿਹੀ ਸਥਿਤੀ ਵਿੱਚ ਤੁਹਾਨੂੰ ਵਿਦੇਸ਼ ਮੰਤਰਾਲੇ ਦੀ ਖ਼ਾਸ ਨਾਮਿਤ ਵੈਬਸਾਈਟ ਦੇ ਜ਼ਰੀਏ ਸੰਮਨ/ਵਾਰੰਟ ਜਾਰੀ ਕੀਤੇ ਜਾਣਗੇ। ਜੇ ਤੁਸੀਂ ਭਾਰਤ ਦੀ ਅਦਾਲਤ ਵਿੱਚ ਪੇਸ਼ ਨਹੀ ਹੁੰਦੇ ਤਾਂ ਤੁਹਾਡੀ ਸੰਪਤੀ ਨੂੰ ਇਸ ਕੇਸ ਨਾਲ ਜੋੜਿਆ ਜਾ ਸਕਦਾ ਹੈ।

## 6. ਇਟਲੀ ਵਿੱਚ ਸਿਖਿਆ, ਸਿਖਲਾਈ ਅਤੇ ਭਾਸ਼ਾਈ ਕੋਰਸ



ਇੰਟੀਗ੍ਰੇਸ਼ਨ ਸਮਝੌਤੇ ਦੇ ਹਿੱਸੇ ਵਜੋਂ,ਹਰ ਪ੍ਰਵਾਸੀ ਨੂੰ ਇਟਾਲੀਅਨ ਭਾਸ਼ਾ ਸਿੱਖਣਾ ਜਰੂਰੀ ਹੁੰਦਾ ਹੈ।

ਇਟਾਲੀਅਨ ਭਾਸ਼ਾ, ਸਭਿਆਚਾਰ ਅਤੇ ਸਭਿਅਤਾ ਦੇ ਕੋਰਸ ਵਿੱਚ ਹਿੱਸਾ ਲੈਣ ਤੋਂ ਤੁਹਾਨੂੰ ਕ੍ਰੈਡਿਟ ਮਿਲਦਾ ਹੈ ਜਿਸ ਨੂੰ ਇੰਟੀਗ੍ਰੇਸ਼ਨ ਸਮਝੌਤੇ ਤਹਿਤ ਮਾਨਤਾ ਪ੍ਰਾਪਤ ਹੈ ਅਤੇ ਇਹ ਤੁਹਾਨੂੰ ਭਵਿੱਖੀ ਤਸਦੀਕ ਟੈਸਟਾਂ ਤੋਂ ਛੁਟ ਕਰਦੇ ਹਨ।

ਸੀ.ਟੀ.ਪੀ ਤੋਂ ਤੁਸੀਂ ਗੈਰ-ਲਾਭਕਾਰੀ ਸੰਸਥਾਵਾਂ ਦੇ ਵੇਰਵੇ ਅਤੇ ਪਤੇ ਪ੍ਰਪਾਤ ਕਰ ਸਕਦੇ ਹੋ ਜੋ ਤੁਹਾਡੇ ਖੇਤਰ ਵਿੱਚ ਸੀ.ਟੀ.ਪੀ ਦੇ ਤਾਲਮੇਲ ਨਾਲ ਇਟਾਲੀਅਨ ਭਾਸ਼ਾ ਦੇ ਮੁਫ਼ਤ ਕੋਰਸ ਚਲਾਉਂਦੇ ਹਨ। ਸੁਵਿਧਾ ਅਨੁਸਾਰ ਸਮੇਂ ਅਤੇ ਥਾਵਾਂ ਕਰਕੇ ਇਹ ਤੁਹਾਡੇ ਲਈ ਜ਼ਿਆਦਾ ਸੁਵਿਧਾਜਨਕ ਹੋ ਸਕਦੇ ਹਨ।

ਤੁਸੀਂ ਸਿਖਿਆ ਮੰਤਰਾਲੇ ਦੁਆਰਾ ਪੇਸ਼ ਕੀਤੇ ਜਾਣ ਵਾਲੇ ਸ਼ਾਮ ਦੇ ਕੋਰਸਾਂ **(Corsi Serali): Centri Territoriali Permanenti per l'Educazione degli Adulti (CTP)** ਵਿੱਚ ਸ਼ਾਮਲ ਹੋ ਕੇ ਵੀ ਆਪਣੀ ਅੱਗੇ ਦੀ ਪੜ੍ਹਾਈ ਵੀ ਕਰ ਸਕਦੇ ਹੋ। ਸਰਕਾਰ ਦੁਆਰਾ ਮੁਫ਼ਤ ਕੋਰਸ ਜਿਵੇਂ ਕਿ; ਹਾਈ ਸਕੂਲ ਡਿਪਲੋਮਾ, ਵੋਕੇਸ਼ਨਲ ਸਿਖਲਾਈ ਸਰਟੀਫਿਕੇਟ ਜਾਂ ਬਾਲਗਾਂ ਲਈ ਭਾਸ਼ਾ ਅਤੇ ਸਭਿਆਚਾਰਕ ਪ੍ਰੋਗ੍ਰਾਮ ਆਦਿ ਚਲਾਏ ਜਾਂਦੇ ਹਨ। ਇਨ੍ਹਾਂ ਕੋਰਸਾਂ ਵਿੱਚ ਤੁਸੀਂ ਦੇਖੋਗੇ:

- ਲੋਅਰ ਸੈਕੰਡਰੀ ਸਕੂਲ ਡਿਪਲੋਮਾ ਦੀ ਤਿਆਰੀ ਅਤੇ ਪ੍ਰੀਖਿਆ **(Licenza Media Inferiore)**
- ਇਟਾਲੀਅਨ ਕਾਨੂੰਨ ਅਤੇ ਸਿਵਿਕ ਓਰੀਐਂਟੇਸ਼ਨ
- ਇਟਾਲੀਅਨ ਭਾਸ਼ਾ ਅਤੇ ਸਭਿਆਚਾਰ ਦੀਆਂ ਕਲਾਸਾਂ
- ਵਿਦੇਸ਼ੀ ਭਾਸ਼ਾ ਦੇ ਤੌਰ 'ਤੇ ਇਟਾਲੀਅਨ ਦੀਆਂ ਪ੍ਰੀਖਿਆਵਾਂ
- ਭਾਸ਼ਾਈ ਸਰਟੀਫਿਕੇਸ਼ਨ ਪ੍ਰੀਖਿਆਵਾਂ
- ਵੋਕੇਸ਼ਨਲ ਟ੍ਰੇਨਿੰਗ ਗਤੀਵਿਧੀਆਂ
- ਹਾਈ ਸਕੂਲ ਡਿਪਲੋਮਾ

### 6.1 ਇਤਾਲਵੀ ਸਕੂਲ ਸਿਸਟਮ (Sistema Scolastico Italiano)

ਜੇ ਤੁਸੀਂ ਬੱਚੇ ਹੋ ਜਾਂ ਤੁਹਾਡੇ ਬੱਚੇ ਹਨ ਤਾਂ ਤੁਹਾਨੂੰ ਇਟਾਲੀਅਨ ਸਕੂਲ ਸਿਸਟਮ **(Sistema Scolastico Italiano)** ਵਿੱਚ ਸ਼ਾਮਲ ਹੋਣਾ ਜਰੂਰੀ ਹੈ:

ਇਟਾਲੀਅਨ ਸਕੂਲੀ ਸਿਸਟਮ ਨਰਸਰੀ ਤੋਂ **(Asilo Nido)** ਸ਼ੁਰੂ ਹੁੰਦਾ ਹੈ, ਜੋ 3 ਸਾਲ ਤੱਕ ਦੀ ਉਮਰ ਦੇ ਬੱਚਿਆਂ ਲਈ ਗੈਰ-ਲਾਜ਼ਮੀ ਸਕੂਲ ਸਿੱਖਿਆ ਪ੍ਰਣਾਲੀ ਹੈ। 3 ਸਾਲ ਤੋਂ ਵੱਧ ਉਮਰ ਦੇ ਬੱਚਿਆਂ ਨੂੰ 6 ਸਾਲ ਦੇ ਹੋਣ ਤਕ ਇੱਕ ਵੱਖਰੀ ਨਰਸਰੀ **(Asilo)** ਵਿੱਚ ਦਾਖਲ ਕੀਤਾ ਜਾਂਦਾ ਹੈ। ਸਮੇਂ, ਸੇਵਾਵਾਂ ਅਤੇ ਨਰਸਰੀ ਦੀ ਲਾਗਤ ਬਾਰੇ ਵਧੇਰੇ ਜਾਣਕਾਰੀ ਪ੍ਰਾਪਤ ਕਰਨ ਲਈ, ਆਪਣੇ ਮਿਉਨਿਸੀਪਲਟੀ ਦੇ ਪਬਲਿਕ ਰਿਲੇਸ਼ਨਸ ਦਫ਼ਤਰ ਨਾਲ ਗੱਲਬਾਤ ਕਰੋ। ਉਹ ਨਰਸਰੀ ਤੱਕ ਪਹੁੰਚ ਕਰਨ ਅਤੇ ਆਈ.ਐਸ.ਈ.ਈ ਦੇ ਮੁਤਾਬਕ ਲਾਗਤਾਂ ਦੀ ਗਣਨਾ ਕਰਨ ਵਿੱਚ ਤੁਹਾਡੀ ਮਦਦ ਕਰਨਗੇ।

6 ਤੋਂ 16 ਸਾਲ ਦੀ ਉਮਰ ਦੇ ਬੱਚਿਆਂ ਲਈ ਸਕੂਲ ਵਿੱਚ ਦਾਖਲਾ ਲੈਣਾ ਲਾਜ਼ਮੀ ਹੁੰਦਾ ਹੈ।

- ਪ੍ਰਾਇਮਰੀ ਸਕੂਲ ਦੇ 5 ਸਾਲ **(Scuole Elementari)**;
- ਲੋਅਰ ਸੈਕੰਡਰੀ ਸਕੂਲ ਦੇ 3 ਸਾਲ, **(Scuola Secondaria Inferiore, or Scuola Media)** ਜੋ ਇਕ ਸਟੇਟ ਪ੍ਰੀਖਿਆ **(Licenza Media Inferiore)** ਨਾਲ ਖ਼ਤਮ ਹੁੰਦੇ ਹਨ।
- ਜਦੋਂ ਬੱਚੇ 14 ਸਾਲ ਦੇ ਹੁੰਦੇ ਹਨ, ਤਾਂ ਉਹ ਸੈਕੰਡਰੀ ਹਾਈ ਸਕੂਲ (Scuola Media Superiore), ਤਕਨੀਕੀ ਸਿੱਖਿਆ ਸੰਸਥਾਵਾਂ (Istituti Tecnici) ਜਾਂ ਕੇਸ਼ਨਲ ਸਿਖਲਾਈ ਲਈ ਸੰਸਥਾਵਾਂ (Istituti di Formazione Professionale) ਵਿੱਚ ਦਾਖ਼ਲ ਹੁੰਦੇ ਹਨ।
- ਜਦੋਂ ਵਿਦਿਆਰਥੀ ਆਪਣਾ ਹਾਈ ਸਕੂਲ ਦਾ ਡਿਪਲੋਮਾ (Diplomi di Maturità) ਪ੍ਰਾਪਤ ਕਰਦੇ ਹਨ, ਤਾਂ ਉਨ੍ਹਾਂ ਦੀ ਉਮਰ 18-19 ਸਾਲ ਦੇ ਹੋ ਜਾਂਦੀ ਹੈ ਅਤੇ ਉਹ ਯੂਨੀਵਰਸਿਟੀ (Università) ਵਿੱਚ ਜਾ ਸਕਦੇ ਹਨ।

## 6.2 ਅਕਾਦਮਕਿ/ਪੇਸ਼ੇਵਰ ਯੋਗਤਾ ਦੀ ਪਛਾਣ

ਜੇਕਰ ਤੁਹਾਡੇ ਕੋਲ ਵਿਦੇਸ਼ੀ ਡਿਗਰੀ ਹੈ ਅਤੇ ਤੁਸੀਂ ਇਟਲੀ ਵਿੱਚ ਪੜ੍ਹਾਈ ਕਰਨਾ ਚਾਹੁੰਦੇ ਹੋ ਤਾਂ ਜਿਸ ਵੀ ਕੋਰਸ ਵਿੱਚ ਤੁਹਾਡੀ ਦਿਲਚਸਪੀ ਹੈ ਬਾਰੇ ਯੂਨੀਵਰਸਿਟੀ ਜਾਂ ਯੂਨੀਵਰਸਿਟੀ ਦੇ ਇੰਸਟੀਚਿਊਟ ਬੇਨਤੀ ਭੇਜਣੀ ਚਾਹੀਦੀ ਹੈ। ਯੂਨੀਵਰਸਿਟੀ/ਇੰਸਟੀਚਿਊਟ 90 ਦਿਨਾਂ ਦੇ ਅੰਦਰ-ਅੰਦਰ ਤੁਹਾਡੀ ਵਿਦੇਸ਼ੀ ਅਕਾਦਮਿਕਤਾ ਅਤੇ ਉਨ੍ਹਾਂ ਦੇ ਬਰਾਬਰਤਾ ਨੂੰ ਇਟਾਲੀਅਨ ਡਿਗਰੀ ਦੇ ਖ਼ਿਤਾਬ ਦੇ ਰੂਪ ਵਿੱਚ ਪਛਾਣਨ ਜਾਂ ਨਾ ਕਰਨ ਬਾਰੇ ਇੱਕ ਸਵੈ-ਨਿਰਪੱਖ ਫ਼ੈਸਲਾ ਕਰਦੇ ਹਨ।

ਅਗਰ ਤੁਹਾਡੇ ਕੋਲ ਪੇਸ਼ੇਵਰ ਯੋਗਤਾ ਹੈ ਤਾਂ ਤੁਹਾਨੂੰ ਯੋਗ ਅਧਿਕਾਰੀ/ਸੰਬੰਧਿਤ ਮੰਤਰਾਲੇ ਵਿੱਚ ਆਪਣੀ ਅਰਜ਼ੀ ਜਮ੍ਹਾ ਕਰਾਉਣੀ ਹੁੰਦੀ ਹੈ। 4 ਮਹੀਨਿਆਂ ਦੇ ਅੰਦਰ ਇਹ ਤੁਹਾਡੇ ਪੇਸ਼ੇਵਰ ਖ਼ਿਤਾਬ ਨੂੰ ਪਛਾਣਨ ਲਈ ਜਾਰੀ ਕੀਤੀ ਜਾਂਦੀ ਹੈ। ਇਹ ਕਈ ਵਰਕਰਾਂ ਜਿਵੇਂ ਕਿ; ਡਾਕਟਰ, ਵਕੀਲ, ਅਕਾਉਂਟੈਂਟ, ਇੰਜੀਨੀਅਰ ਆਦਿ ਲਈ ਜ਼ਰੂਰੀ ਹੁੰਦੀ ਹੈ, ਜੇਕਰ ਉਹ ਇਟਲੀ ਵਿੱਚ ਅਭਿਆਸ ਕਰਨਾ ਚਾਹੁੰਦੇ ਹਨ ਤਾਂ।

# 7. ਇਟਲੀ ਵਿੱਚ - ਡ੍ਰਾਈਵਿੰਗ ਅਤੇ ਟਰਾਂਸਪੋਟੇਸ਼ਨ:


## 7.1 ਡ੍ਰਾਇਿਵੰਗ



ਗੈਰ ਈ-ਯੂ ਡ੍ਰਾਈਵਿੰਗ ਲਾਈਸੈਂਸ: ਜੇ ਤੁਹਾਡੇ ਕੋਲ ਯੂਰੋਪੀਅਨ ਯੂਨੀਅਨ ਨਾਲ ਸੰਬੰਧਤ ਰਾਜ ਤੋਂ ਪ੍ਰਾਪਤ ਡ੍ਰਾਈਵਿੰਗ ਲਾਈਸੈਂਸ ਨਹੀ ਹੈ ਤਾਂ ਤੁਸੀ ਗੱਡੀ ਨਹੀਂ ਚਲਾ ਸਕਦੇ| ਤੁਸੀਂ ਇਟਲੀ ਵਿੱਚ ਸਿਰਫ਼ ਉਸ ਸਮੇਂ ਹੀ ਡ੍ਰਾਈਵ ਕਰ ਸਕਦੇ ਹੋ ਜਦੋਂ ਤੁਹਾਡੇ ਕੋਲ ਇੰਟਰਨੈਸ਼ਨਲ ਡ੍ਰਾਈਵਿੰਗ ਪਰਮਿਟ (ਉਸ ਦੇਸ਼ ਵਿੱਚ ਜਾਰੀ ਕੀਤਾ ਗਿਆ ਹੋਵੇ ਜਿਥੋਂ ਤੁਹਾਡਾ ਡ੍ਰਾਈਵਿੰਗ ਲਾਈਸੈਂਸ ਜਾਰੀ ਕਿੱਤਾ ਗਿਆ) ਹੋਵੇ । ਤੁਹਾਡੇ ਡਰਾਈਵਿੰਗ ਲਾਈਸੈਂਸ ਦਾ ਇਟਾਲੀਅਨ ਭਾਸ਼ਾ ਵਿੱਚ ਸਰਕਾਰੀ ਅਨੁਵਾਦ ਹੋਣਾ ਜਰੂਰੀ ਹੁੰਦਾ ਹੈ।

ਇਟਲੀ ਵਿੱਚ ਨਿਵਾਸ ਦੇ ਇਕ ਸਾਲ ਬਾਅਦ, ਤੁਹਾਨੂੰ ਇਟਾਲੀਅਨ ਇਲਾਕੇ ਵਿੱਚ ਗ਼ੈਰ-ਈਯੂ ਡਰਾਈਵਿੰਗ ਲਾਈਸੈਂਸ ਨਾਲ ਗੱਡੀ ਚਲਾਉਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ, ਸਗੋਂ ਤੁਹਾਨੂੰ ਇਸ ਨੂੰ ਇਟਾਲੀਅਨ ਡ੍ਰਾਈਵਿੰਗ ਲਾਈਸੈਂਸ ਵਿੱਚ ਬਦਲਵਾਉਣਾ ਪੈਂਦਾ ਹੈ।

ਤੁਹਾਨੂੰ ਡ੍ਰਾਈਵਰ ਅਤੇ ਵਾਹਨ ਲਾਇਸੈਂਸਿੰਗ ਏਜੰਸੀ **(Motorizzazione Civile)** ਜਿੱਥੇ ਤੁਸੀ ਆਪਣੇ ਡ੍ਰਾਈਵਿੰਗ ਲਾਇਸੰਸ ਦੇ ਪਰਿਵਰਤਨ **(Conversione della Patente di Guida)** ਬਾਰੇ ਗੱਲ ਕਰ ਸਕਦੇ ਹੋ ਦੁਆਰਾ ਇਸ ਸੰਬੰਧ ਵਿੱਚ ਸੰਪੂਰਣ ਜਾਣਕਾਰੀ ਪ੍ਰਾਪਤ ਹੋਵੇਗੀ। ਇਟਲੀ ਵਿੱਚ ਡ੍ਰਾਈਵਿੰਗ ਲਾਇਸੰਸ ਨੂੰ ਬਦਲਣ ਦੀ ਲਾਗਤ, ਨਵੇਂ ਲਾਈਸੈਂਸ ਬਣਵਾਉਣ ਤੋਂ ਘੱਟ ਹੁੰਦੀ ਹੈ।




ਫੋਟੋ: ਇਟਾਲੀਅਨ ਡ੍ਰਾਈਵਿੰਗ ਲਾਇਸੈਂਸ (Patente di Guida Italiana)

ਇਟਾਲੀਅਨ ਡ੍ਰਾਈਵਿੰਗ ਲਾਈਸੈਂਸ **(Patente di Guida Italiana)** ਪ੍ਰਾਪਤ ਕਰਨ ਲਈ ਚੋਣ ਪ੍ਰੀਖਿਆਵਾਂ **(Esami della Patente)** ਲਈ ਤੁਹਾਨੂੰ **Motorizzazione Civile** ਦੇ ਸਥਾਨਕ ਦਫ਼ਤਰਾਂ (ਆਪਣਾ ਰਿਹਾਇਸੀ ਪਰਮਿਟ ਨਾਲ ਲਈ ਜਾਓ) ਵਿੱਚ ਆਪਣੀ ਅਰਜ਼ੀ ਦੇਣੀ ਹੁੰਦੀ ਹੈ। ਇਸ ਲਈ ਤੁਹਾਨੂੰ ਡ੍ਰਾਈਵਿੰਗ ਟੈਸਟ ਦੇਣਾ ਪਵੇਗਾ ਜਿਸ ਵਿੱਚ ਥਿਊਰੀ ਅਤੇ ਪ੍ਰੈਕਟੀਕਲ ਟੈਸਟ ਹੁੰਦਾ ਹੈ।

ਵਿਕਲਪ ਰੂਪ ਵਿੱਚ, ਤੁਸੀ ਵਧੇਰੇ ਭੁਗਤਾਨ ਕਰਕੇ ਕਿਸੇ ਪ੍ਰਾਈਵੇਟ ਡਰਾਇਿਵੰਗ ਸਕੂਲ **(Scuola Guida)** ਵੀ ਜਾ ਸਕਦੇ ਹੋ; ਉਹ ਸਰਟੀਫਿਕੇਸ਼ਨ ਅਤੇ ਕਾਗਜ਼ੀ ਕਾਰਵਾਈਆਂ ਦਾ ਧਿਆਨ ਰੱਖਦੇ ਵੀ ਹਨ, ਜਿਸ ਵਿੱਚ ਕਲਾਸਾਂ ਅਤੇ ਪ੍ਰੈਕਟੀਕਲ ਗਾਈਡ ਵੀ ਸ਼ਾਮਲ ਹੈ।

ਇਟਲੀ ਵਿੱਚ ਲਾਈਸੈਂਸ ਹਾਂ ਸਹੀ ਲਾਈਸੈਂਸ ਤੋਂ ਬਿਨਾਂ ਗੱਡੀ ਚਲਾਉਣ 'ਤੇ ਬਹੁਤ ਗੰਭੀਰ ਜੁਰਮਾਨੇ ਦੇ ਰੂਪ ਵਿੱਚ (5.000 ਤੋਂ 30.000 ਯੂਰੋ ਤੱਕ ਅਦਾ ਕਰਨ ਦੀ) ਸਜ਼ਾ ਦਿੱਤੀ ਜਾਂਦੀ ਹੈ।

## 7.2 ਸਾਈਕਲ (Biciclette)

ਇਟਲੀ ਵਿੱਚ ਸਾਈਕਲ ਚਲਾਉਂਦੇ ਸਮੇਂ ਬਹੁਤ ਸਾਵਧਾਨ ਰਹਿਣਾ ਪੈਂਦਾ ਹੈ। ਸਾਈਕਲ ਚਲਾਉਣ ਸਮੇਂ ਹਮੇਸ਼ਾਂ ਆਪਣੀਆਂ ਲਾਈਟਾਂ ਦੀ ਵਰਤੋਂ ਕਰੋ ਅਤੇ ਸਾਈਕਲ ਸਵਾਰਾਂ ਲਈ ਬਣੀਆਂ ਸੜਕਾਂ' ਤੇ ਧਿਆਨ ਨਾਲ ਚਲਾਓ।

## 7.3 ਪਬਲਿਕ ਟ੍ਰਾਂਸਪੋਰਟੇਸ਼ਨ

(Trasporti Pubblici)



ਇਟਲੀ ਬਹੁਤ ਹੀ ਪ੍ਰਬੰਧਕ ਤਰੀਕੇ ਨਾਲ ਪਬਲਿਕ ਟ੍ਰਾਂਸਪੋਰਟ ਨਾਲ ਜੁੜਿਆ ਹੋਇਆ ਹੈ।

ਰੇਲਗੱਡੀ **(treno)** ਦੁਆਰਾ ਯਾਤਰਾ- ਤੁਸੀਂ ਟ੍ਰੇਨੀਟਲਿਆ ਰੇਲਵੇ ਸੇਵਾ ਦੀ ਵੈੱਬਸਾਈਟ **(www.trenitalia.com)** ਤੋਂ ਸਮੇਂ-ਸਾਰਣੀ ਅਤੇ ਕਿਰਾਏ ਆਦਿ ਬਾਰੇ ਜਾਣਕਾਰੀ ਪ੍ਰਾਪਤ ਕਰ ਸਕਦੇ ਹੋ। ਇੱਥੋਂ ਤੁਸੀਂ ਆਪਣੀਆਂ ਟਿਕਟਾਂ ਵੀ ਆਨਲਾਈਨ ਬੁੱਕ ਕਰ ਸਕਦੇ ਹੋ।


ਬਸ **(Autobus)** ਦੁਆਰਾ ਯਾਤਰਾ- ਤੁਸੀਂ ਬਸ ਦੁਆਰ ਕਰਨ ਲਈ **www.goeuro.it** ਜਾਂ **www.eurolines.it, www.flixbus.it** ਅਤੇ **www.ibus.it** ਅਤੇ ਬਹੁਤ ਸਾਰੀਆਂ ਛੋਟੀਆਂ ਕੰਪਨੀਆਂ ਦੀ ਚੋਣ ਵੀ ਕਰ ਸਕਦੇ ਹੋ। ਬੱਸ ਦੀ ਟਿਕਟ ਰੇਲਗੱਡੀ ਦੀ ਇਕ ਬੁਨਿਆਦੀ ਟਿਕਟ ਤੋਂ ਅੱਧ ਤੋਂ ਘੱਟ ਤੋਂ ਉਸ ਤੋਂ ਵੀ ਘੱਟ ਹੋ ਸਕਦੀ ਹੈ।

ਤੁਸੀਂ ਸਥਾਨਕ ਯਾਤਰਾ ਲਈ ਆਨ ਲਾਈਨ ਜਾਂ ਬਾਰਾਂ ਵਿੱਚਲੀਆਂ ਤਬਾਕੀ ਦੁਕਾਨਾਂ ਦੀਆਂ ਮਸ਼ੀਨਾਂ 'ਤੋਂ ਮੈਟਰੋ, ਸਥਾਨਕ ਰੇਲ ਗੱਡੀਆਂ ਅਤੇ ਬੱਸਾਂ ਦੇ ਕਿਸੇ ਵੀ ਸਟੇਸ਼ਨ ਦੀ ਟਿਕਟ ਖਰੀਦ ਸਕਦੇ ਹੋ।

ਜੇਕਰ ਤੁਸੀਂ ਨਿਯਮਤ ਤੌਰ 'ਤੇ ਯਾਤਰਾ ਕਰਦੇ ਹੋ ਤਾਂ ਰੋਜ਼ਾਨਾ, ਹਫ਼ਤੇਵਾਰ ਜਾਂ ਮਹੀਨਾਵਾਰ ਪਾਸ ਦੀ ਲਾਗਤ ਇਕ-ਇਕ ਟਿਕਟ ਖਰੀਦਣ ਤੋਂ ਬਹੁਤ ਘੱਟ ਹੋ ਸਕਦੀ ਹੈ। ਇਸ ਲਈ ਤੁਸੀਂ ਸਥਾਨਕ ਟ੍ਰਾਂਸਪੋਰਟੇਸ਼ਨ ਦੇ ਦਫ਼ਤਰ ਤੋਂ ਜਾਣਕਾਰੀ ਪ੍ਰਪਾਤ ਕਰ ਸਕਦੇ ਹੋ, ਉਹ ਆਵਾਜਾਈ ਦੇ ਪਾਸ ਦੀ ਕੀਮਤ ਵਿੱਚ ਭਾਰੀ ਕਟੌਤੀ ਲਈ ਤੁਹਾਡੇ ਤੋਂ ਆਈ.ਐਸ.ਈ.ਈ ਦੀ ਕਾਪੀ ਬਾਰੇ ਪੁੱਛ ਸਕਦੇ ਹਨ।

ਇਟਲੀ ਵਿੱਚ ਟੈਕਸੀ ਕਾਫ਼ੀ ਮਹਿੰਗੀ ਹੁੰਦੀ ਹੈ। ਇਸ ਲਈ ਆਪਣੀ ਯਾਤਰਾ ਨੂੰ ਸ਼ੁਰੂ ਕਰਨ ਤੋਂ ਪਹਿਲਾਂ ਹੀ ਕਿਰਾਇਆ ਚੈੱਕ ਕਰਨ ਦੇ ਨਾਲ-ਨਾਲ ਸਾਰੇ ਵਿਕਲਪਾਂ ਦੀ ਤੁਲਨਾ ਕਰ ਲੈਣੀ ਚਾਹੀਦੀ ਹੈ।

## 8. ਘਰ ਰਕਮ (ਪੈਸੇ) ਭੇਜਣਾ



ਜੇ ਤੁਸੀਂ ਇਟਲੀ ਤੋਂ ਆਪਣੇ ਮੂਲ ਦੇਸ਼ ਜਾਂ ਆਪਣੇ ਮੂਲ ਦੇਸ਼ ਤੋਂ ਇਟਲੀ ਪੈਸਾ ਭੇਜਣਾ ਚਾਹੁੰਦੇ ਹੋ ਤਾਂ ਤੁਸੀਂ ਕਿਸੇ ਵੀ ਇਟਾਲੀਅਨ ਪੋਸਟ ਆਫ਼ਿਸ (ਪੋਸਟੇ ਇਟੈਲੀਅਨੇ) ਤੇ ਜਾ ਸਕਦੇ ਹੋ ਅਤੇ "ਅੰਤਰਰਾਸ਼ਟਰੀ ਮਨੀ ਟ੍ਰਾਂਸਫਰ" (**Richiesta di trasferimentoInternazionale di Denaro**) ਫ਼ਾਰਮ ਦੀ ਮੰਗ ਕਰ ਸਕਦੇ ਹੋ।

ਤੁਸੀਂ ਡਾਕਖਾਨੇ **(Poste Italiane)** ਵਿੱਚ ਆਪਣਾ ਪੋਸਟਲ ਖਾਤਾ ਖੋਲ੍ ਸਕਦੇ ਹੋ **(Conto corrente postale)** ਜਾਂ **postepay** (ਪ੍ਰੀਪੇਡ ਕਾਰਡ) ਦੇ ਨਾਲ ਤੁਹਾਡੇ ਈਬੇਨ ਦੀ ਵਰਤੋਂ ਰਾਹੀਂ ਦੁਨਿਆ ਭਰ ਵਿੱਚ ਭੁਗਤਾਨ ਕਰਣਾ ਸੰਭਵ ਹੈ। ਇਸਦੀ ਆਮ ਵਰਤੋਂ ਦੀਆਂ ਸ਼ਰਤਾਂ ਲਈ ਤੁਸੀਂ Poste Italiane ਦੇ ਦਫਤਰਾਂ ਵਿੱਚ ਅਰਜੀ਼ ਦੇ ਸਕਦੇ ਹੋ।

ਜੇ ਤੁਹਾਨੂੰ ਇਟਲੀ ਤੋਂ ਭਾਰਤ ਲਈ ਥੋੜੇ ਜਹਿ ਪੈਸੇ ਭੇਜਣੇ ਹੋਣ, ਤਾਂ ਤੁਸੀਂ ਕਿਸੇ ਵੀ ਪੋਸਟ-ਆਫਸਿ ਜਾ ਸਕਦੇ ਹੋ ਅਤੇ ਇੰਟਰਨੈਸ਼ਨਲ ਪੋਸਟ ਟ੍ਰਾਂਸਫਰ **(Vaglia Internazionale)** ਰਾਹੀਂ ਔਫਲਾਈਨ ਭੁਗਤਾਨ ਕਰ ਸਕਦੇ ਹੋ ਜੋ 7 ਤੋਂ 10 ਦਿਨਾਂ ਦੇ ਅੰਦਰ ਭਾਰਤ ਵਿੱਚ ਭੁਗਤਾਨ ਯੋਗ ਹੋਵੇਗਾ।

**Vaglia Internazionale** ਲਈ ਬੁਨਿਆਦੀ ਕਮਸ਼ਿਨ ਹੈ: ਜੇਕਰ ਤੁਸੀਂ €100 ਤੱਕ ਭੇਜਦੇ ਹੋ ਤਾਂ €6, ਜੇਕਰ ਤੁਸੀਂ €100,01 ਤੋਂ €400,00 ਤੱਕ ਭੇਜਦੇ ਹੋ ਤਾਂ €12, ਜੇਕਰ ਤੁਸੀਂ €400 ਤੋਂ ਵੱਧ ਭੇਜਦੇ ਹੋ ਤਾਂ €15| ਮਨੀ ਐਕਸਚੇਂਜ ਤੇ ਵਧੀਕ ਫੀਸਾਂ ਦੀ ਦਰਾਂ (ਘੱਟੋ ਘੱਟ 2%) ਹਨ। ਵਾਧੂ ਚਾਰਜ ਦੇ ਨਾਲ ਤੁਸੀਂ ਇਸਨੂੰ ਛੇਤੀ ਕਰ ਸਕਦੇ ਹੋ|

**Poste Italiane** ਦੇ ਸਹਿਯੋਗ ਨਾਲ ਇਹ ਸੰਭਵ ਹੈ ਕਿ ਆਨਲਾਇਨ ਅਤੇ ਆਫਲਾਈਨ ਘਰ ਪੈਸਾ ਭੇਜਿਆ ਜਾ ਸਕਦਾ ਹੈ, MoneyGram ਨਾਂ ਦੀ ਇਕ ਸੰਬੰਧਿਤ ਇੰਟਰਨੈਸ਼ਨਲ ਕੰਪਨੀ ਦਾ ਇਸਤੇਮਾਲ ਕਰਕੇ, ਜੋ ਕਿ ਬਹੁਤ ਤੇਜ਼ ਹੈ, ਕੁਝ ਮੰਿਟਾਂ ਵਿੱਚ, ਅਤੇ ਵਾਗਲਿਆ **Vaglia Internazionale** ਤੋਂ ਦੁੱਗਣਾ ਖਰਚ ਕਰਕੇ ਛੇਤੀ ਪੈਸਾ ਘਰਾਂ ਭੇਜਿਆ ਜਾ ਸਕਦਾ ਹੈ. ਹੋਰ ਜਾਣਕਾਰੀ **www.poste.it** ਤੇ ਉਪਲਬਧ ਹੈ।

ਵੇਸਟਨ ਯੂਨੀਅਨ ਮਨੀ ਟ੍ਰਾਂਸਫਰ, ਅਤੇ ਟ੍ਰਾਂਸਫ੍ਵਾਈਜ਼ ਜਹਿੀਆਂ ਪ੍ਰਾਈਵੇਟ ਕੰਪਨੀਆਂ ਹਨ ਜਿਨ੍ਹਾਂ ਨੂੰ ਤੁਸੀਂ ਇਟਲੀ ਵਿੱਚ ਹਰ ਜਗ੍ਹਾ ਲੱਭ ਸਕਦੇ ਹੋ ਅਤੇ ਜੋ ਖਾਸ਼ ਦੁਕਾਨਾਂ 'ਤੇ ਅਧਾਰਤਿ ਹਨ. ਕਈ ਵਾਰ ਇਹ ਕੰਪਨੀਆਂ ਵਸ਼ਿੇਸ਼ ਆਫ਼ਰ ਵੀ ਦੰਿਦਿਆਂ ਹਨ।

ਤੁਸੀਂ ਬੈਂਕ ਅਕਾਊਂਟ ਦੀ ਵਰਤੋਂ ਦੁਆਰਾ ਵੀ ਪੈਸੇ ਭੇਜ ਸਕਦੇ ਹੋ। ਇਹ ਕਮਿਸ਼ਨ, ਸਮੇਂ ਅਤੇ ਐਕਸਚੇਂਜ ਦੀਆਂ ਦਰਾਂ ਕਾਰਣ ਮਹਿੰਗਾ ਵਿਕਲਪ ਹੋ ਸਕਦਾ ਹੈ ਪਰ ਕੁਝ ਹਾਲਤਾਂ ਵਿੱਚ ਇਹ ਬਹੁਤ ਹੀ ਢੁਕਵਾਂ ਜਾਪਦਾ ਹੈ।

## 9. ਲੋਕਲ ਓਰੀਐਨਟੇਸ਼ਨ ਸਰਵਿਸਿਜ਼:

ਇਟਲੀ ਵਿੱਚ ਪਹੁੰਚਦੇ ਹੀ ਕਿਸੇ ਵਿਦੇਸ਼ੀ ਲਈ ਪਬਲਿਕ ਦਫ਼ਤਰਾਂ ਤੋਂ ਰਿਹਾਇਸੀ ਪਰਮਿਟ ਅਤੇ ਹੋਰ ਜ਼ਰੂਰੀ ਕਾਗਜ਼ਾਤ ਲੈਣ ਲਈ ਲੋੜੀਂਦੀਆਂ ਬੁਨਿਆਦੀ ਪ੍ਰਕਿਰਆਵਾਂ ਬਹੁਤ ਹੀ ਗੁੰਝਲਦਾਰ ਹੋ ਸਕਦੀਆਂ ਹਨ।

ਇੱਥੇ ਬਹੁਤ ਸਾਰੀਆਂ ਐਸੋਸੀਏਸ਼ਨਾਂ, ਕਾਨੂੰਨੀ ਓਰੀਇੰਟੇਸ਼ਨ ਸਰਵਿਸਾਂ ਅਤੇ ਸਰਵਿਸ ਪ੍ਰੋਵਾਈਡਰ ਹਨ, ਜੋ ਇਸ ਮਸਲੇ ਵਿੱਚ ਤੁਹਾਡੀ ਮਦਦ ਕਰ ਸਕਦੇ ਹਨ। ਇਟਾਲੀਅਨ ਭਾਸ਼ਾ ਵਿੱਚ ਉਨ੍ਹਾਂ ਦੇ ਨਾਂ: ਐਸੋਸੀਆਜਿਓਨੀ **(Associazioni)**, ਸਿੰਡਾਕੇਟੀ **(Sindacati)**, ਪੈਟ੍ਰੋਨਾਟੀ **(Patronati)**, ਸੀ.ਏ.ਐਫ਼ **(CAF)** ਅਤੇ ਟੈਂਪਲੀ ਅਤੇ ਚੀਜ਼ **(Templi e Chiese)** ਆਦਿ ਹਨ।

### ਆਪਣੇ ਦੋਸਤਾਂ ਦੀ ਮਦਦ ਨਾਲ ਆਪਣੇ ਇਲਾਕੇ ਵਿੱਚ ਉਨ੍ਹਾਂ ਨੂੰ ਲੱਭਣ ਦੀ ਕੋਸ਼ਿਸ ਕਰੋ।

ਤੁਸੀ ਵਕੀਲ, ਸੋਸ਼ਲ ਵਰਕਰ, ਵਾਲੰਟੀਅਰ ਅਤੇ ਦੁਭਾਸ਼ੀਏ ਨੂੰ ਦੀ ਮਦਦ ਰਾਹੀ ਇਟਾਲੀਅਨ ਭਾਸ਼ਾ ਵਿੱਚ ਆਪਣੇ ਫ਼ਾਰਮ ਨੂੰ ਸਹੀ ਤਰ੍ਹਾਂ ਭਰ ਸਕਦੇ ਹੋ ਅਤੇ ਇਸ ਤਰ੍ਹਾਂ ਤੁਸੀ ਉਨ੍ਹਾਂ ਚੀਜਾਂ ਨੂੰ ਪ੍ਰਾਪਤ ਕਰ ਸਕਦੇ ਹੋ ਜਿਨ੍ਹਾਂ ਨੂੰ ਤੁਸੀ ਲੱਭ ਰਹੇ ਹੋ।

- ਲੋਕਲ ਐਸੋਸੀਏਸ਼ਨਾਂ ਅਤੇ ਐੱਨ.ਜੀ.ਓ ਇਟਾਲੀਅਨ ਅਤੇ ਵਿਦੇਸ਼ੀ ਜਰੂਰਤਮੰਦ ਲੋਕਾਂ ਲਈ ਕਾਨੂੰਨੀ ਓਰੀਐਂਟੇਸ਼ਨ ਡੇਸਕ ਅਤੇ ਮੁਫ਼ਤ ਭਾਸ਼ਾਈ ਕੋਰਸ ਚਲਾਉਂਦੇ ਹਨ ਅਤੇ ਇਸ ਦੇ ਨਾਲ –ਨਾਲ ਜਰੂਰਤਮੰਦ ਲੋਕਾਂ ਦੀ ਸਮਾਜਕ ਸਹਾਇਤਾ ਕਰਦੇ ਹਨ।
- ਟ੍ਰੇਡ ਯੂਨੀਅਨ **(Sindacato)** ਇਕ ਅਜਿਹੀ ਐਸੋਸੀਏਸ਼ਨ ਹੈ ਜਿਸ ਦਾ ਉਦੇਸ਼ ਵਰਕਰਾਂ ਦੇ ਅਧਿਕਾਰਾਂ ਦਾ ਬਚਾਅ ਕਰਨਾ ਅਤੇ ਉਨ੍ਹਾਂ ਦੇ ਹਿੱਤਾਂ ਨੂੰ ਅੱਗੇ ਵਧਾਉਣਾ ਹੈ,ਇਹ ਤੁਹਾਡੇ ਰੁਜ਼ਗਾਰਦਾਤਾ ਨਾਲ ਹੋਈ ਸਮੱਸਿਆਵਾਂ ਦੇ ਮਾਮਲੇ ਵਿੱਚ ਇਹ ਲਾਭਦਾਇਕ ਹੋ ਸਕਦਾ ਹੈ, ਉਦਾਹਰਣ ਦੇ ਤੌਰ 'ਤੇ ਸੀ.ਜੀ.ਆਈ.ਐਲ ਹੈ।

ਲੋਕਲ **PATRONATI** ਇਟਾਲੀਅਨ ਦਸਤਾਵੇਜ਼ਾਂ ਦੇ ਮਸਲੇ ਵੱਿਚ ਤੁਹਾਡੀ ਮਦਦ ਕਰਨ ਸਕਦੇ ਹਨ, ਇਹ ਇਟਲੀ ਵੱਿਚ ਹਰ ਜਗ੍ਹਾ ਲਗਭਗ ਮੁਫ਼ਤ ਲਾਗਤ ਵੱਿਚ ਉਪਲਬਧ ਹੁੰਦੇ ਹਨ। ਇਸ ਦੇ ਨਾਲ ਹੀ ਇਹ ਲੋਕ ਦੇਸ਼ ਨਾਲ ਸੰਬੰਧੀ ਪ੍ਣਾਲੀਆਂ ਅਤੇ ਪ੍ਰਕਰਿਆਿਵਾਂ ਨਾਲ ਗੱਲਬਾਤ ਕਰਨ ਵੱਿਚ ਤੁਹਾਡੀ ਮਦਦ ਕਰ ਸਕਦੇ ਹਨ ਵੱਿਚ

ਜੇ ਤੁਸੀ ਨਸਲ, ਚਮੜੀ ਦੇ ਰੰਗ, ਮੂਲ, ਕੌਮੀ/ਨਸਲੀ ਮੂਲ, ਧਰਮ ਜਾਂ ਵਸ਼ਿਵਾਸ ਦੇ ਅਧਾਰ 'ਤੇ ਵਤਿਕਰੇ ਦਾ ਸਾਹਮਣਾ ਕਰਦੇ ਹੋ ਤਾਂ ਤੁਸੀ ਇਤਾਲਵੀ ਨਾਗਰਕਿਾਂ ਵਾਂਗ ਬਰਾਬਰੀ ਦੇ ਆਧਾਰ 'ਤੇ ਨਆਿਂ ਦੇ ਹੱਕਦਾਰ ਹੋ ਅਤੇ ਸਮਰਥਨ ਲਈ ਅਦਾਲਤਾਂ, ਸਥਾਨਕ ਸਥਤਿੀ ਸੇਵਾਵਾਂ ਅਤੇ ਸੰਿਧੀਕਾਤੀ **(sindacati)** ਤੱਕ ਪਹੁੰਚ ਸਕਦੇ ਹੋ। ਅਗਰ ਤੁਸੀ ਇਟਲੀ ਵਚਿ ਕਾਨੂੰਨੀ ਤੌਰ 'ਤੇ ਨਹੀਂ ਰਹਿ ਰਹੇ ਅਤੇ ਫਰਿ ਵੀ ਤੁਸੀ ਆਪਣੇ ਕੇਸ ਨੂੰ ਅਦਾਲਤ ਵਚਿ ਲੈ ਕੇ ਆਉਂਦੇ ਹੋ ਤਾਂ ਰਾਜ ਕੁਝ ਖ਼ਾਸ ਕੇਸਾਂ ਨੂੰ ਛੱਡ ਕੇ ਤੁਹਾਨੂੰ ਨਾਗਰਕਿਅਧਕਿਾਰਾਂ ਤੋਂ ਵਾਝੰ੍ਹਾਂ

ਕਰਦੇ ਹੋਏ ਤੁਹਾਨੂੰ ਦੇਸ਼ ਤੋਂ ਬਾਹਰ ਕੱਢ ਸਕਦੇ ਹਨ।

ਸੈਂਟਰ ਫ਼ੋਰ ਫਿਸਕਲ ਅਸਿਸਟੈਂਸ (ਸੀ.ਏ.ਐਫ਼) ਇੱਕ ਅਜਿਹਾ ਦਫ਼ਤਰ ਹੈ ਜੋ ਕਿ ਫਿਸਕਲ (ਵਿੱਤੀ) ਸਹਾਇਤਾ ਤੋਂ ਸੰਬੰਧਿਤ ਬਹੁਤ ਸਾਰੀਆਂ ਵੱਖ-ਵੱਖ ਸੇਵਾਵਾਂ ਵਿੱਚ ਤੁਹਾਡੀ ਮਦਦ ਕਰ ਸਕਦਾ ਹੈ: ਜਿਵੇਂ ਕਿ; ਟੈਕਸ ਡਿਕਲਰੇਸ਼ਨ, ਆਈ.ਐਮ.ਯੂ ਅਤੇ ਟੀ.ਏ.ਐਸ.ਆਈ ਮੋਡੀਊਲਸ, ਸੰਸਾਧਨ, ਰਿਫ਼ੰਡ ਦੇ ਦਾਅਵੇ, ਸਪਲੀਮੈਂਟਰੀ ਡਿਕਲੇਰੇਸ਼ਨ, ਟੈਕਸ ਦੀ ਜਾਣਕਾਰੀ, ਆਈ.ਐਸ.ਈ.ਈ ਡਿਕਲੇਰੇਸ਼ਨ, ਕਿਰਾਏ ਦੇ ਯੋਗਦਾਨ ਲਈ ਬੇਨਤੀ, ਮੌਸਮੀ ਕੰਮਾਂ ਵਾਲੇ ਵਰਕਰਾਂ ਅਤੇ ਘਰੇਲੂ ਵਰਕਰਾਂ ਦੀ ਦੇਖਭਾਲ ਲਈ ਹੈਲਪ ਡੈਸਕ, ਬੇਰੁਜ਼ਗਾਰੀ ਲਾਭ ਅਤੇ ਨਿਯਮਤੀਕਰਨ ਜਿਹੀਆਂ ਹੋਰ ਕਈ ਪ੍ਰਕਿਰਿਆਵਾਂ ਵੀ ਸ਼ਾਮਿਲ ਹਨ।

- ਤੁਸੀਂ ਗੁਰਦੁਆਰਿਆਂ, ਚਰਚ ਅਤੇ ਬਹੁਤ ਸਾਰੀਆਂ ਧਾਰਮਿਕ ਸੰਸਥਾਵਾਂ ਜਿਵੇਂ ਕਿ; ਕੈਰੀਟਾਸ, ਸੰਤ ਏਜੀਡੋ, ਅਕਲੀ ਅਤੇ ਹੋਰਨਾਂ ਸੰਸਥਾਵਾਂ ਤੋਂ ਵੀ ਸਿੱਧੇ ਰੂਪ ਵਿੱਚ ਮਦਦ ਪ੍ਰਾਪਤ ਕਰ ਸਕਦੇ ਹੋ।

ਜੇਕਰ ਤੁਸੀਂ ਆਪਣੇ ਦੋਸਤਾਂ ਦੀ ਮਦਦ ਨਾਲ ਸਥਾਨਕ ਓਰੀਐਂਟੇਸ਼ਨ ਸਰਵਿਸ ਤੱਕ ਆਸਾਨੀ ਨਾਲ ਪਹੁੰਚ ਨਹੀਂ ਕਰ ਪਾਉਂਦੇ ਤਾਂ ਤੁਸੀਂ ਇੰਟਰਨੈਟ 'ਤੇ ਪ੍ਰਵਾਸੀ ਅਤੇ ਸ਼ਰਨਾਰਥੀਆਂ ਲਈ ਨੈਸ਼ਨਲ ਡਾਟਾਬੇਸ ਬਾਰੇ ਜਾਣਕਾਰੀ ਪ੍ਰਾਪਤ ਕਰਨ ਲਈ **www.portaleimmigrazione.it** 'ਤੇ ਸਾਰੀਆਂ ਸਥਾਨਕ ਸੇਵਾਵਾਂ ਵੇਖ ਸਕਦੇ ਹੋ। ਇੱਥੇ ਤੁਸੀਂ ਆਪਣੇ ਸੂਬੇ, ਸ਼ਹਿਰ ਦੀ ਚੋਣ ਕਰ ਸਕਦੇ ਹੋ। ਇਸ ਤੋਂ ਇਲਾਵਾ ਤੁਸੀਂ ਸਭ ਤੋਂ ਨੇੜਲੀ ਸਰਵਿਸ ਦੇ ਟਾਈਮ-ਟੇਬਲ, ਟੈਲੀਫੋਨ ਨੰਬਰ ਅਤੇ ਪਤੇ ਲੱਭਕੇ, ਮੁਫ਼ਤ ਸਲਾਹ-ਮਸ਼ਵਰੇ **(Consulenza Gratuita)** ਲਈ ਉਨ੍ਹਾਂ ਨਾਲ ਮੁਲਾਕਾਤ ਕਰ ਸਕਦੇ ਹੋ।

ਤੁਸੀਂ ਇਟਾਲੀਅਨ ਨੈੱਟਵਰਕ ਅਤੇ ਸੰਸਥਾਵਾਂ ਦੇ ਕੁਝ ਉਪਯੋਗੀ ਸੰਪਰਕਾਂ ਨੂੰ ਹੇਠਾਂ ਲੱਭ ਸਕਦੇ ਹੋ। ਕਾਲਮ ਦੇ ਸੱਜੇ ਪਾਸੇ ਖਾਲੀ ਥਾਂ 'ਤੇ ਤੁਹਾਨੂੰ ਆਪਣੇ ਖੇਤਰ ਦੇ ਸਥਾਨਕ ਪਤੇ ਬਾਰੇ ਜਾਣਕਾਰੀ ਦੇਣੀ ਹੁੰਦੀ ਹੈ, ਇਸ ਦੇ ਨਾਲ ਤੁਸੀਂ ਆਪਣੇ ਦੋਸਤਾਂ ਤੋਂ ਜਾਂ ਵੈੱਬ 'ਤੇ ਖੋਜ ਕਰਕੇ, ਇੱਥੇ ਆਪਣੇ ਸਥਾਨਕ ਸੰਪਰਕ ਬਾਰੇ ਲਿੱਖ ਸਕਦੇ ਹੋ।

| ਸੰਗਠਨ ਦਾ ਨਾਂ | ਉਪਲੱਬਧ ਸੇਵਾਵਾਂ | ਫੋਨ ਨੰ./ਵੈਬਸਾਇਟ | ਸਥਾਨਕ ਪਤਾ |
|---|---|---|---|
| MAE Ministero Affari Esteri | ਵੀਜ਼ਾ, ਇਟਾਲੀਅਨ ਦੂਤਾਵਾਸ | 0636912284<br>0636918899 | ਰੋਮਾ |
| ASL Azienda Sanitaria Locale | ਸਿਹਤ ਸੇਵਾਵਾਂ ਟੱਸੇਰਾ ਸਾਨਿਤਾਰਿਆ ਐਸ.ਐਸ.ਐਨ, ਟੀ.ਈ.ਏ.ਐਮ, ਕਨਸਲਟਰੀਓ (Consultorio) | www.salute.gov.it | |
| Prefettura UTG | ਪਹਿਲਾ ਰਿਹਾਇਸੀ ਪਰਮਿਟ Permesso di Soggiorno | www.prefettura.it | |
| Commissariato Polizia | ਸੱਸੀਓਨੇ ਦੀ ਫ਼ੈਬਰੀਕੇਟੋ (Cessione di fabbricato) | www.interno.gov.it | |
| Questura | Permesso di Soggiorno ਰਿਹਾਇਸੀ ਪਰਮਿਟ ਨੂੰ ਰੀਨਿਊ ਕਰਾਉਣਾ | www.interno.gov.it | |
| Poste Italiane | Kit documenti ਦਸਤਾਵੇਜ਼ਾਂ ਦੀ ਕਿੱਟ | www.poste.it | |

| ਸੰਗਠਨ ਦਾ ਨਾਂ | ਉਪਲੱਬਧ ਸੇਵਾਵਾਂ | ਫੋਨ ਨੰ./ਵੈਬਸਾਇਟ | ਸਥਾਨਕ ਪਤਾ |
|---|---|---|---|
| Comune, City Council | IDs Carta Identità, residenza, servizi social | http://www.comuniverso.it/link/siti/index.cfm | |
| Agenzia delle Entrate | ਵਿੱਤੀ ਕੋਡ (Codice Fiscale) | www.agenziaentrate.gov.it | |
| Gurudwara (ਗੁਰਦੁਆਰਾ ) | Local orientation and assistance (ਸਥਾਨਕ ਓਰੀਐਂਟੇਸ਼ਨ ਅਤੇ ਸਹਾਇਤਾ) | www.sikhisewasociety.org/templi-sikh-in-italia.html | |
| Indian Consulate in Milan (ਇੰਡੀਅਨ ਕੌਂਸਲਿ ਇਨ ਮਲਿਾਨ) | ਭਾਰਤੀ ਪਾਸਪੋਰਟ ਅਤੇ ਓ.ਸੀ.ਆਈ (ਭਾਰਤ ਦੀ ਵਿਦੇਸ਼ੀ ਨਾਗਰਿਕਤਾ) ਕਾਰਡ, ਕਾਉਂਸਲਰ ਸੇਵਾਵਾਂ 'ਚ ਸੰਕਟ ਵਿੱਚ ਪ੍ਰਵਾਸੀਆਂ ਲਈ ਵਿੱਤੀ ਮਦਦ ਸ਼ਾਮਿਲ ਹੈ (Assistance with Indian passports and OCI (overseas citizenship of India) Cards , consular services including funds for migrants in distress) | ਐਮਰਜੇਂਸੀ ਨੰਬਰ +39 3881647527 www.cgimilan.in | ਮਿਲਾਨੋ |
| Indian Embassy in Rome (ਰੋਮ ਵਿੱਚ ਭਾਰਤੀ ਦੂਤਾਵਾਸ) | ਪੀ.ਆਈ.ਓ (ਭਾਰਤੀ ਮੂਲ ਦਾ ਵਿਅਕਤੀ) ਅਤੇ ਓ.ਸੀ.ਆਈ (ਭਾਰਤ ਦੀ ਵਿਦੇਸ਼ੀ ਨਾਗਰਿਕਤਾ) ਕਾਰਡ | www.indianembassyrome.in | ਰੋਮ |
| Indian National voters' services portal ਇੰਡੀਅਨ ਨੈਸ਼ਨਲ ਵੋਟਰਜ਼ ਸਰਵਿਸਿਜ਼ ਪੋਰਟਲ | ਵਿਦੇਸ਼ੀ ਵੋਟਰਾਂ ਲਈ ਆਨਲਾਈਨ ਅਰਜ਼ੀ (Online application for overseas voters) | www.nvsp.in | |
| ਆਈ.ਓ.ਐਮ ਮਾਈਗਰੇਸ਼ਨ ਲਈ ਅੰਤਰਰਾਸ਼ਟਰੀ ਸੰਗਠਨ | ਸਵੈ-ਇੱਛਕ ਪ੍ਰਵਾਸੀ ਪ੍ਰੋਗਰਾਮ (Voluntary repatriation programs) | www.italy.iom.int | ਰੋਮਾ |
| INPS Istituto Nazionale Previdenza Sociale | ਪੈਨਸ਼ਨ, ਟੈਕਸਟੇਸ਼ਨ (Pension, taxation) | www.inps.it | |
| CAF Centro Assistenza Fiscale | ਵਿੱਤੀ ਸਹਾਇਤਾ, ਆਈ.ਐਸ.ਈ.ਈ, ਬੇਰੁਜ਼ਗਾਰੀ ਲਾਭ (Fiscal assistance, ISEE, unemployment benefits) | www.mycaf.it | |
| Churches (ਚਰਚ ) | ਪ੍ਰਤੱਖ ਮਦਦ (Direct assistance) | | |
| (Associations for migrants and refugees) ਪ੍ਰਵਾਸੀਆਂ ਅਤੇ ਸ਼ਰਨਾਰਥੀਆਂ ਲਈ ਐਸੋਸਇਏਸ਼ਨ | ਭਾਸ਼ਾ ਕੋਰਸ, ਕਾਨੂੰਨੀ ਓਰੀਐਂਟੇਸ਼ਨ (Language courses, legal orientation) | www.meltingpot.org www.arci.it (ਹੋਰ) | |

| ਸੰਗਠਨ ਦਾ ਨਾਂ | ਉਪਲੱਬਧ ਸੇਵਾਵਾਂ | ਫੋਨ ਨੰ./ਵੈਬਸਾਇਟ | ਸਥਾਨਕ ਪਤਾ |
|---|---|---|---|
| Patronati | ਕਾਨੂੰਨੀ ਅਤੇ ਸਮਾਜਕ ਓਰੀਐਂਟੇਸ਼ਨ (Legal and social orientation) | ਡਾਟਾਬੇਸ,ਆਪਣੇ ਸੂਬੇ ਦੀ ਜਾਂਚ ਕਰੋ (Database, check your Province) www.portaleimmigrazione.it | |
| Sindacato CGIL ਸੀ.ਜੀ ਆਈ.ਐਲ | ਟਰੇਡ ਯੂਨੀਅਨਸ (Trade unions) | www.cgil.it (ਸਾਰੇ ਕਰਮਚਾਰੀ) www.flai.it (ਖੇਤੀਬਾੜੀ ਇੰਡਸਟ੍ਰੀਜ ਕਰਮਚਾਰੀ) | |
| Sindacato CISL ਸੀ.ਆਈ.ਐਸ.ਐਲ | ਟਰੇਡ ਯੂਨੀਅਨਜ | www.cisl.it (ਸਾਰੇ ਕਰਮਚਾਰੀ) www.faicisl.it (ਖੇਤੀਬਾੜੀ ਇੰਡਸਟ੍ਰੀਜ ਕਰਮਚਾਰੀ) | |
| Sindacato UIL ਯੂ.ਆਈ.ਐਲ | ਟਰੇਡ ਯੂਨੀਅਨਜ | www.uil.it (ਸਾਰੇ ਕਰਮਚਾਰੀ) www.uila.eu (ਖੇਤੀਬਾੜੀ ਇੰਡਸਟ੍ਰੀਜ ਕਰਮਚਾਰੀ) | |
| ਸਕੂਲ (Schools) | ਨਾਬਾਲਗਾਂ ਲਈ ਜਰੂਰੀ ਸਕੂਲ (Compulsory school for minors) | www.miur.it | |
| CPT Centri Territoriali Permanenti | ਨੌਜਵਾਨਾਂ ਲਈ ਸ਼ਾਮ ਦੇ ਕੋਰਸ (Evening Courses for adults) | www.miur.it | |
| ਯੂਨੀਵਰਸਿਟੀਆਂ (Universities) | ਪੜ੍ਹਾਈ ਦੀ ਮਾਨਤਾ, ਕੋਰਸ (Recognition of studies, courses) | www.miur.it | |
| Camera di Commercio | ਸੁਤੰਤਰ ਕਰਮਚਾਰੀਆਂ ਲਈ ਓਰੀਐਂਟੇਸ਼ਨ (Orientation for independent workers) | 800 800 077 www.camcom.gov.it | |
| ਹੋਰ ਐਸੋਸੀਏਸ਼ਨ/ਨਿੱਜੀ ਸੰਸਥਾਵਾਂ<br>Other associations/ private entities<br>(this information is not validated, please verify from other sources)<br>(ਇਹ ਜਾਣਕਾਰੀ ਪ੍ਰਮਾਣਿਤ ਨਹੀਂ ਹੈ, ਕਿਰਪਾ ਕਰਕੇ ਹੋਰ ਸਰੋਤਾਂ ਤੋਂ ਤਸਦੀਕ ਕਰੋ) | | | |
| ਇੰਡੀਆ ਇਟਾਲੀਆ ਸਹੂਲਤਾਂ ਐਸੋਸੀਏਸ਼ਨ (private entity, not linked to government) | ਕਾਨੂੰਨੀ ਸਹਾਇਤਾ | ਫੋਨ- 0372458420 | ਕ੍ਰੇਮੋਨਾ ਗਾਲੇਰਿਆ ਡੇਲ ਕੋਰਸੋ 3 (Cremona Galleria del Corso 3) |
| Nari Onlus | Diaspora group providing advice ਡਾਇਸਪੋਰਾ ਸਮੂਹ ਸਲਾਹ ਪ੍ਰਦਾਨ ਕਰਦੇ ਹਨ | | |

## 10. ਐਮਰਜੇਂਸੀ ਨੰਬਰ

| ਸੰਗਠਨ ਦਾ ਨਾਂ | ਉਪਲੱਬਧ ਸੇਵਾਵਾਂ | ਫੋਨ ਨੰ./ਵੈਬਸਾਇਟ | ਸਥਾਨਕ ਪਤਾ |
|---|---|---|---|
| Ambulanza | Ambulance first aid<br>ਐਂਬੁਲੈਂਸ, ਮੁਢੱਲੀ ਡਾਕਟਰੀ ਮਦਦ | 118 | ਹਸਪਤਾਲ |
| Forze dell'Ordine | Polizia<br>Carabinieri | 112<br>133 | |
| Vigili del Fuoco | ਫਾਇਰ ਬ੍ਰਿਗੇਡ | 155 | |
| ਯੂ.ਐਨ.ਏ.ਆਰ ਨੈਸ਼ਨਲ ਐਂਟੀ ਡਿਸਕਰੀਮੀਨੇਸ਼ਨ ਆਫ਼ਿਸ | ਨਸਲੀ ਭੇਦਭਾਵ ਦੇ ਸ਼ਿਕਾਰ ਲੋਕਾਂ ਦੀ ਸਹਾਇਤਾ ਕਰਨਾ | www.unar.it<br>800 901010 ਦਫ਼ਤਰੀ ਸਮੇਂ | ਰੋਮਾ |
| Numero Verde Anti-tratta | ਜਿਨਸੀ ਸ਼ੋਸ਼ਣ ਦੇ ਸ਼ਿਕਾਰ | 800 290 290<br>www.pariopportunita.gov.it<br>www.osservatoriointerventitratta.it | ਰੋਮਾ |
| Telefono Rosa<br>ਇਟਾਲੀਅਨ, ਅੰਗਰੇਜ਼ੀ, ਫ੍ਰੈਂਚ, ਸਪੈਨਿਸ਼ ਅਤੇ ਅਰਬੀ ਭਾਸ਼ਾਵਾਂ ਵਿੱਚ ਉਪਲਬਧ | ਔਰਤਾਂ ਅਤੇ ਹਿੰਸਾ ਖਿਲਾਫ਼ ਲੜਨਾ | 1522<br>http://www.telefonorosa.it | ਰੋਮਾ |

**ਇਟਲੀ ਵਿੱਚ ਭਾਰਤੀਆਂ ਦੇ ਏਕੀਕਰਣ ਲਈ ਤਿਆਰ ਕੀਤੀ ਗਈ ਹੈਂਡਬੁੱਕ** ਭਾਰਤੀ ਪ੍ਰਵਾਸੀਆਂ ਲਈ ਸਥਾਨਕ ਪ੍ਣਾਲੀ ਨੂੰ ਸਮਝਣ ਅਤੇ ਇਟਲੀ ਵਿੱਚ ਬਹੁਤ ਸਾਰੀਆਂ ਸਥਾਨਕ ਸੰਸਥਾਵਾਂ ਤੇ ਸੇਵਾ-ਪ੍ਦਾਤਾਵਾਂ ਦੁਆਰਾ ਪੇਸ਼ ਕੀਤੀਆਂ ਸੇਵਾਵਾਂ ਤੱਕ ਪਹੁੰਚ ਕਰਨ ਲਈ ਇਕ ਗਾਈਡ ਹੈ।

ਇਹ ਹੈਂਡਬੁਕ ਪਰਵਾਸੀਆਂ ਨਿਜੀ ਅਨੁਭਵਾਂ 'ਤੇ ਆਧਾਰਤ ਹੈ। ਇਸ ਹੈਂਡਬੁਕ ਦਾ ਮੁੱਖ ਉਦੇਸ਼, ਪ੍ਵਾਸੀਆਂ ਦੀ ਰੋਜ਼ਾਨਾਂ ਜ਼ਿੰਦਗੀ ਲਈ ਬਣਾਈਆਂ ਗਈਆਂ ਪ੍ਕਿਰਿਆ ਦੀ ਲੰਮੀ ਸੂਚੀ ਨੂੰ ਸੌਖੇ ਰੂਪ ਵਿੱਚ ਪੇਸ਼ ਕਰਨਾ ਹੈ। ਇਸ ਦੇ ਨਾਲ ਹੀ ਇਨ੍ਹਾਂ ਪਰਵਾਸੀ ਲੋਕਾਂ ਨੂੰ ਆਪਣੇ ਹੋਸਟ ਸਮਾਜ ਨੂੰ ਸਮਝਣ ਅਤੇ ਉਸ ਦੇ ਅਨੁਕੂਲ ਬਣਨ ਅਤੇ ਜੀਵਨ ਵਿੱਚਲੀਆਂ ਆਪਣੀਆਂ ਉੱਚੀਆਂ ਸੰਭਾਵਨਾ ਪ੍ਰਾਪਤ ਕਰਨ ਲਈ ਇੱਕ ਮੌਕਾ ਪ੍ਦਾਨ ਕਰਨਾ ਹੈ।

ILO Decent Work Team for South
Asia and Country Office for India
India Habitat Centre,
Core 4B, 3rd Floor,
Lodhi Road, New Delhi 110003,
India
Tel: +91 11 47509200,
Fax: +91 11 24602111
Email: delhi@ilo.org
www.ilo.org/india

DECENT WORK
A better world starts here.

ISBN: 978-92-2-830960-7 (ਪ੍ਰਿੰਟ)
978-92-2-830961-4 (ਵੈਬ ਪੀ.ਡੀ.ਐਫ਼)